Price : Rs. 4-00
REGISTERED NO. D-221
ਰਜਿਸਟਰੀ ਨੰ: ਡੀ-221

# भारत का राजपत्र
# The Gazette of India
# ਭਾਰਤ ਦਾ ਗਜ਼ਟ

असाधारण
EXTRAORDINARY
ਅਸਾਧਾਰਣ
भाग XIV-अनुभाग-1
PART-XIV-SECTION-1
ਭਾਗ-XIV-ਅਨੁਭਾਗ-1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

| | | | | | | | |
|---|---|---|---|---|---|---|---|
| सं० 5] | नई दिल्ली, | मंगलवार, 24 अगस्त, | 1993 | / 2 भाद्र, | 1915 | (शक) | [खण्ड-VII] |
| No. 5] | NEW DELHI, | TUESDAY, AUGUST 24, | 1993 | / BHADRA 2, | 1915 | (SAKA) | [Vol-VII] |
| ਨੰ: 5] | ਨਵੀਂ ਦਿੱਲੀ, | ਮੰਗਲਵਾਰ, 24 ਅਗਸਤ, | 1993 | / 2 ਭਾਦੋਂ, | 1915 | (ਸ਼ਕ) | [ਜਿਲਦ-VII] |


## विधि और न्याय मन्त्रालय
## (विधायी विभाग)

नई दिल्ली, मंगलवार, 24 अगस्त, 1993/2 भाद्र, 1915 (शक)

(1) नैशनल एयरपोर्टस अथारिटी एक्ट, 1985 (2) ड्रगज (कन्ट्रोल) एक्ट, 1950 (3) एशियन डिवैलपमैंट बैंक, एक्ट, 1966 और (4) कंजुमर प्रोटकशन एक्ट, 1986 के पंजाबी अनुवाद राष्ट्रपति के प्राधिकार से प्रकाशित किये जाते है और प्राधिकृत पाठ (केन्द्रीय विधि) अधिनियम, 1973 (1973 का 50) की धारा 2 के खण्ड (क) के अधीन ये पंजाबी में उनके प्राधिकृत पाठ समझे जायेंगे ।

## MINISTRY OF LAW AND JUSTICE
## (LEGISLATIVE DEPARTMENT)

NEW DELHI, TUESDAY, AUGUST 24, 1993/BHADRA 2, 1915 (SAKA)

The translations in Punjabi of (1) The National Airports Authority Act, 1985 (2) The Drugs (Control) Act, 1950 (3) The Asian Development Bank Act, 1966 and (4) The Consumer Protection Act, 1986 are hereby published under the authority of the President and shall be deemed to be the authoritative text thereof in Punjabi under clause (a) of section 2 of the Authoritative Texts (Central Laws) Act, 1973 (50 of 1973).

## ਕਾਨੂੰਨ ਅਤੇ ਨਿਆਂ ਮੰਤ੍ਰਾਲਾ
## (ਵਿਧਾਨ ਵਿਭਾਗ)

ਨਵੀਂ ਦਿੱਲੀ, ਮੰਗਲਵਾਰ, 24 ਅਗਸਤ, 1993/2 ਭਾਦੋਂ, 1915 (ਸ਼ਕ)

(1) ਨੈਸ਼ਨਲ ਏਅਰਪੋਰਟਸ ਅਥਾਰਟੀ ਐਕਟ, 1985 (2) ਡ੍ਰਗਜ਼ (ਕੰਟਰੋਲ) ਐਕਟ, 1950 (3) ਏਸ਼ੀਅਨ ਡਿਵੈਲਪਮੈਂਟ ਬੈਂਕ ਐਕਟ, 1966 ਅਤੇ (4) ਕੰਜ਼ੂਮਰ ਪਰੋਟੈਕਸ਼ਨ ਐਕਟ, 1986 ਦੇ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ੳ) ਅਧੀਨ ਉਨ੍ਹਾਂ ਦੇ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ ।

# ਖ਼ਪਤਕਾਰ ਹਿਫ਼ਾਜ਼ਤ ਐਕਟ, 1986

(1986 ਦਾ ਐਕਟ ਨੰ: 68)

[21 ਜੁਲਾਈ 1992 ਤੱਕ ਸੋਧੇ ਅਨੁਸਾਰ]

[24 ਦਸੰਬਰ, 1986]

ਖ਼ਪਤਕਾਰਾਂ ਦੇ ਹਿੱਤਾਂ ਦੀ ਬਿਹਤਰ ਹਿਫ਼ਾਜ਼ਤ ਲਈ, ਅਤੇ ਉਸ ਪ੍ਰਯੋਜਨ ਲਈ ਖ਼ਪਤਕਾਰਾਂ ਦੇ ਵਿਵਾਦਾਂ ਦੇ ਨਿਪਟਾਰੇ ਲਈ ਖ਼ਪਤਕਾਰ ਪਰਿਸ਼ਦ ਅਤੇ ਹੋਰ ਅਥਾਰਿਟੀਆਂ ਦੀ ਸਥਾਪਨਾ ਲਈ, ਉਪਬੰਧ ਕਰਨ ਲਈ ਅਤੇ ਉਸ ਨਾਲ ਤੱਲਕ ਰੱਖਣ ਵਾਲੇ ਵਿਸ਼ਿਆਂ ਦਾ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਸੈਂਤੀਵੇਂ ਸਾਲ ਵਿੱਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :—

## ਅਧਿਆਏ I

## ਪ੍ਰਾਰੰਭਕ

1. (1) ਇਸ ਐਕਟ ਨੂੰ ਖ਼ਪਤਕਾਰ ਹਿਫ਼ਾਜ਼ਤ ਐਕਟ, 1986 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ, ਅਰੰਭ ਅਤੇ ਲਾਗੂ ਹੋਣਾ।

(2) ਇਸ ਦਾ ਵਿਸਤਾਰ, ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ, ਸਾਰੇ ਭਾਰਤ ਤੇ ਹੈ।

(3) ਇਹ ਉਸ ਤਰੀਕ ਨੂੰ ਨਾਫ਼ਜ਼ ਹੋਵੇਗਾ, ਜੋ ਕੇਂਦਰੀ ਸਰਕਾਰ, ਅਧਿਸੂਚਨਾ ਦੁਆਰਾ ਨਿਯਤ ਕਰੇ ਅਤੇ ਵੱਖ ਵੱਖ ਰਾਜਾਂ ਲਈ, ਅਤੇ ਇਸ ਐਕਟ ਦੇ ਵੱਖ ਵੱਖ ਉਪਬੰਧਾਂ ਲਈ, ਵੱਖ ਵੱਖ ਤਰੀਕਾਂ, ਨਿਯਤ ਕੀਤੀਆਂ ਜਾ ਸਕਣਗੀਆਂ।

(4) ਜਿਵੇਂ ਕੇਂਦਰੀ ਸਰਕਾਰ ਦੁਆਰਾ ਅਧਿਸੂਚਨਾਂ ਦੁਆਰਾ ਸਪਸ਼ਟ ਤੌਰ ਤੇ ਹੋਰਵੇਂ ਉਪਬੰਧਤ ਹੈ ਉਸਨੂੰ ਛੱਡਕੇ, ਇਹ ਐਕਟ ਸਭ ਮਾਲ ਅਤੇ ਸੇਵਾਵਾਂ ਨੂੰ ਲਾਗੂ ਹੋਵੇਗਾ।

2. (1) ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰਵੇਂ ਨ ਲੋੜੇ,— ਪਰਿਭਾਸ਼ਾਵਾਂ।

Sub. 50/1993 [(ੳ) "ਮੁਨਾਸਬ ਪ੍ਰਯੋਗਸ਼ਾਲਾ" ਦਾ ਮਤਲਬ ਹੈ, ਕੇਂਦਰੀ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕੋਈ ਪ੍ਰਯੋਗਸ਼ਾਲਾ ਜਾਂ ਸੰਗਠਨ ਅਤੇ ਇਸ ਵਿੱਚ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਅਧੀਨ ਸਥਾਪਤ ਕੋਈ ਅਜਿਹੀ ਪ੍ਰਯੋਗਸ਼ਾਲਾ ਜਾਂ ਸੰਗਠਨ ਵੀ ਸ਼ਾਮਲ ਹੈ ਜੋ ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਦੁਆਰਾ ਇਹ ਤੈਅ ਕਰਨ ਦੀ ਦ੍ਰਿਸ਼ਟੀ ਨਾਲ ਕਿ ਕੀ ਕਿਸੇ ਮਾਲ ਵਿੱਚ ਕੋਈ ਤਰੁੱਟੀ ਹੈ, ਅਜਿਹੇ ਮਾਲ ਦਾ ਵਿਸ਼ਲੇਸ਼ਣ ਜਾਂ ਪਰਖ ਕਰਨ ਲਈ ਕਾਇਮ ਰੱਖੀ ਜਾਂਦੀ ਹੈ, ਵਿਤਪੋਸ਼ਤ ਜਾਂ ਸਹਾਇਤਾ ਪ੍ਰਾਪਤ ਹੈ ;]

Ins. 50/1993 [ੳੳ] [—— ਅੰਤਿਕਾ - ਅਨੁਸਾਰ ——]

(ਅ) "ਸ਼ਿਕਾਇਤਕਾਰ" ਦਾ ਮਤਲਬ ਹੈ—

(i) ਖ਼ਪਤਕਾਰ ; ਜਾਂ

1956 ਦਾ 1 (ii) ਕੰਪਨੀ ਐਕਟ, 1956 ਅਧੀਨ ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ ਰਜਿਟਰਸ਼ੁਦਾ ਕੋਈ ਸਵੈ-ਇੱਛਤ ਖ਼ਪਤਕਾਰ ਸਭਾ ; ਜਾਂ

(iii) ਕੇਂਦਰੀ ਸਰਕਾਰ ਜਾਂ ਕੋਈ ਰਾਜ ਸਰਕਾਰ, ਜੋ ਕੋਈ ਸ਼ਿਕਾਇਤ ਕਰਦੀ ਹੈ।

Ins. 50/1993 [(iv)] [—— ਅੰਤਿਕਾ - ਅਨੁਸਾਰ ——]

(ੲ) "ਸ਼ਿਕਾਇਤ" ਦਾ ਮਤਲਬ ਹੈ, ਕਿਸੇ ਸ਼ਿਕਾਇਤਕਾਰ ਦੁਆਰਾ ਇਸ ਐਕਟ ਦੁਆਰਾ ਜਾਂ ਉਸ ਅਧੀਨ ਉਪਬੰਧਤ ਕੋਈ ਰਾਹਤ ਹਾਸਲ ਕਰਨ ਦੀ ਦ੍ਰਿਸ਼ਟੀ ਨਾਲ ਲਿਖਤੀ ਰੂਪ ਵਿੱਚ ਲਾਇਆ ਗਿਆ ਅਜਿਹਾ ਕੋਈ ਦੂਸ਼ਣ, ਕਿ—

(i) ਕਿਸੇ ਵਪਾਰੀ ਦੁਆਰਾ ਅਪਣਾਏ ਗਏ ਕਿਸੇ ਅਣਉਚਿਤ ਵਪਾਰਕ ਵਿਹਾਰ ਦੇ ਸਿੱਟੇ ਵਜੋਂ ਸ਼ਿਕਾਇਤਕਾਰ ਨੂੰ ਹਾਨ ਜਾਂ ਨੁਕਸਾਨ ਉਠਾਉਣਾ ਪਿਆ ਹੈ;

(ii) ਸ਼ਿਕਾਇਤ ਵਿੱਚ ਜ਼ਿਕਰ ਕੀਤੇ ਮਾਲ ਵਿੱਚ ਇੱਕ ਜਾਂ ਵੱਧ ਤਰੁਟੀਆਂ ਹਨ ;

(iii) ਸ਼ਿਕਾਇਤ ਵਿੱਚ ਜ਼ਿਕਰ ਕੀਤੀਆਂ ਸੇਵਾਵਾਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਊਣਤਾਈ ਹੈ ;

(iv) ਵਪਾਰੀ ਨੂੰ ਸ਼ਿਕਾਇਤ ਵਿੱਚ ਜ਼ਿਕਰ ਕੀਤੇ ਮਾਲ ਲਈ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਉਸ ਅਧੀਨ ਨਿਯਤ ਜਾਂ ਅਜਿਹੇ ਮਾਲ ਜਾਂ ਅਜਿਹੇ ਪੈਕੇਜ ਤੇ, ਜਿਸ ਵਿੱਚ ਅਜਿਹਾ ਮਾਲ ਹੈ, ਪ੍ਰਦਰਸ਼ਤ ਕਿਸੇ ਕੀਮਤ ਤੋਂ ਵਧੀਕ ਕੀਮਤ ਚਾਰਜ ਕੀਤੀ ਹੈ;

(ਸ) "ਖ਼ਪਤਕਾਰ" ਦਾ ਮਤਲਬ ਹੈ ਕੋਈ ਅਜਿਹਾ ਵਿਅਕਤੀ ਜੋ, —

(i) ਅਜਿਹੇ ਕਿਸੇ ਬਦਲ ਲਈ ਜਿਸ ਦੀ ਅਦਾਇਗੀ ਕਰ ਦਿੱਤੀ ਗਈ ਹੈ ਜਾਂ ਜਿਸ ਦਾ ਬਚਨ ਦਿੱਤਾ ਗਿਆ ਹੈ, ਜਾਂ ਅੰਸ਼ਕ ਤੌਰ ਤੇ ਅਦਾਇਗੀ ਕੀਤੀ ਗਈ ਹੈ ਅਤੇ ਅੰਸ਼ਕ ਤੌਰ ਤੇ ਬਚਨ ਦਿੱਤਾ ਗਿਆ ਹੈ, ਜਾਂ ਕਿਸੇ ਪਛੜਾਈ ਅਦਾਇਗੀ ਦੀ ਪ੍ਰਣਾਲੀ ਦੇ ਅਧੀਨ, ਕਿਸੇ ਮਾਲ ਦੀ ਖਰੀਦ ਕਰਦਾ ਹੈ ਅਤੇ ਇਸ ਵਿੱਚ ਅਜਿਹੇ ਕਿਸੇ ਵਿਅਕਤੀ ਤੋਂ ਭਿੰਨ, ਜੋ ਅਜਿਹੇ ਬਦਲ ਲਈ ਜਿਸ ਦੀ ਅਦਾਇਗੀ ਕੀਤੀ ਹੈ ਜਾਂ ਜਿਸ ਦਾ ਬਚਨ ਦਿੱਤਾ ਗਿਆ ਹੈ, ਜਾਂ ਅੰਸ਼ਕ ਤੌਰ ਤੇ ਅਦਾਇਗੀ ਕੀਤੀ ਗਈ ਹੈ ਜਾਂ ਅੰਸ਼ਕ ਤੌਰ ਤੇ ਬਚਨ ਦਿੱਤਾ ਗਿਆ ਹੈ, ਜਾਂ ਪਛੜਾਈ ਅਦਾਇਗੀ ਦੀ ਪ੍ਰਣਾਲੀ ਦੇ ਅਧੀਨ, ਮਾਲ ਦੀ ਖਰੀਦ ਕਰਦਾ ਹੈ, ਅਜਿਹੇ ਮਾਲ ਦੀ ਵਰਤੋਂ ਕਰਨ ਵਾਲਾ ਵੀ ਸ਼ਾਮਲ ਹੈ, ਜਦ ਅਜਿਹੀ ਵਰਤੋਂ ਉਸ ਵਿਅਕਤੀ ਦੀ ਪਰਵਾਨਗੀ ਨਾਲ ਕੀਤੀ ਜਾਂਦੀ ਹੈ, ਪਰ ਇਸ ਵਿੱਚ ਕੋਈ ਅਜਿਹਾ ਵਿਅਕਤੀ ਸ਼ਾਮਲ ਨਹੀਂ ਹੈ, ਜੋ ਅਜਿਹੇ ਮਾਲ ਨੂੰ ਮੁੜ -ਵਿਕਰੀ ਕਰਨ ਜਾਂ ਅੱਗੇ ਵੇਚਣ ਲਈ ਕਿਸੇ ਵਣਜਕ ਪ੍ਰਯੋਜਨ ਲਈ ਹਾਸਲ ਕਰਦਾ ਹੈ; ਜਾਂ

(ii) ਕਿਸੇ ਅਜਿਹੇ ਬਦਲ ਲਈ, ਜਿਸ ਦੀ ਅਦਾਇਗੀ ਕੀਤੀ ਗਈ ਹੈ ਜਾਂ ਜਿਸ ਦਾ ਬਚਨ ਦਿੱਤਾ ਗਿਆ ਹੈ, ਜਾਂ ਅੰਸ਼ਕ ਤੌਰ ਤੇ ਅਦਾਇਗੀ ਕੀਤੀ ਗਈ ਹੈ ਅਤੇ ਅੰਸ਼ਕ ਤੌਰ ਤੇ ਬਚਨ ਦਿੱਤਾ ਗਿਆ ਹੈ, ਜਾਂ ਕਿਸੇ ਪਛੜਾਈ ਅਦਾਇਗੀ ਦੀ ਪ੍ਰਣਾਲੀ ਅਧੀਨ ਸੇਵਾਵਾਂ ਨੂੰ ਭਾੜੇ ਤੇ ਲੈਂਦਾ ਹੈ ਅਤੇ ਇਸ ਵਿੱਚ ਅਜਿਹੇ ਵਿਅਕਤੀ ਤੋਂ ਭਿੰਨ ਜੋ ਕਿਸੇ ਅਜਿਹੇ ਬਦਲ ਲਈ ਜਿਸ ਦੀ ਅਦਾਇਗੀ ਕੀਤੀ ਗਈ ਹੈ ਜਾਂ ਜਿਸ ਦਾ ਬਚਨ ਦਿੱਤਾ ਗਿਆ ਹੈ ਜਾਂ ਅੰਸ਼ਕ ਤੌਰ ਤੇ ਅਦਾਇਗੀ ਕੀਤੀ ਗਈ ਹੈ ਅਤੇ ਅੰਸ਼ਕ ਤੌਰ ਤੇ ਬਚਨ ਦਿੱਤਾ ਗਿਆ ਹੈ ਜਾਂ ਕਿਸੇ ਪਛੜਾਈ ਅਦਾਇਗੀ ਦੀ ਪ੍ਰਣਾਲੀ ਅਧੀਨ ਸੇਵਾਵਾਂ ਨੂੰ ਭਾੜੇ ਤੇ ਲੈਂਦਾ ਹੈ ਅਜਿਹੀਆਂ ਸੇਵਾਵਾਂ ਦਾ ਕੋਈ ਹੋਰ ਲਾਭ-ਪਾਤਰ ਵੀ ਸ਼ਾਮਲ ਹੈ, ਜਦ ਅਜਿਹੀਆਂ ਸੇਵਾਵਾਂ ਦਾ ਫ਼ਾਇਦਾ ਪਹਿਲਾਂ ਜ਼ਿਕਰ ਕੀਤੇ ਵਿਅਕਤੀ ਦੀ ਪਰਵਾਨਗੀ ਨਾਲ ਉਠਾਇਆ ਜਾਂਦਾ ਹੈ ।

(ਹ) "ਖ਼ਪਤਕਾਰ ਵਿਵਾਦ" ਦਾ ਮਤਲਬ ਹੈ, ਕੋਈ ਅਜਿਹਾ ਵਿਵਾਦ ਜਦ ਉਹ ਵਿਅਕਤੀ ਜਿਸ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ, ਸ਼ਿਕਾਇਤ ਵਿੱਚ ਦਰਜ ਦੂਸ਼ਣਾਂ ਤੋਂ ਇਨਕਾਰ ਕਰਦਾ ਹੈ ਜਾਂ ਉਨ੍ਹਾਂ ਤੇ ਵਿਵਾਦ ਕਰਦਾ ਹੈ;

(ਕ) "ਤਰੁੱਟੀ" ਦਾ ਮਤਲਬ ਹੈ ਕਿਸੇ ਅਜਿਹੀ ਕੁਆਲਿਟੀ, ਮਿਕਦਾਰ, ਸ਼ਕਤਤਾ, ਖ਼ਾਲਸਪਨ ਜ਼ਾਂ ਮਿਆਰ ਵਿੱਚ ਕੋਈ ਨੁਕਸ, ਅਪੂਰਨਤਾ ਜਾਂ ਕਮੀ ਜੋ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਅਧੀਨ ਕਾਇਮ ਰੱਖੀ ਜਾਣੀ ਲੋੜੀਂਦੀ ਹੈ, ਜਾਂ ਜਿਸ ਦਾ ਅਜਿਹੇ ਕਿਸ ਮਾਲ ਦੇ ਸੰਬੰਧ ਵਿੱਚ ਹੋਰ ਕਿਸੇ ਵੀ ਤਰੀਕੇ ਨਾਲ ਵਪਾਰੀ ਦੁਆਰਾ ਦਾਅਵਾ ਕੀਤਾ ਜਾਂਦਾ ਹੈ;

(ਖ) "ਊਣਤਾਈ" ਦਾ ਮਤਲਬ ਹੈ, ਪਾਲਣਾ ਦੀ ਕਿਸੇ ਅਜਿਹੀ ਕੁਆਲਿਟੀ, ਪ੍ਰਕਿਰਤੀ ਅਤੇ ਤਰੀਕੇ ਵਿੱਚ ਜਿਸਦਾ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਦੁਆਰਾ ਜਾਂ ਅਧੀਨ ਕਾਇਮ ਰਖਿਆ ਜਾਣਾ ਲੋੜੀਂਦਾ ਹੈ, ਜਾਂ ਜਿਨ੍ਹਾਂ ਦੀ ਅਜਿਹੀ ਕਿਸੇ ਸੇਵਾ ਦੇ ਸੰਬੰਧ ਵਿੱਚ ਕਿਸੇ ਮੁਆਇਦੇ ਦੇ ਅਨੁਸਰਣ ਵਿੱਚ ਜਾਂ ਹੋਰਵੇਂ ਕਿਸੇ ਵਿਅਕਤੀ ਦੁਆਰਾ ਪਾਲਣਾ ਕੀਤੇ ਜਾਣ ਦਾ ਜ਼ਿੰਮਾ ਲਿਆ ਗਿਆ ਹੈ, ਕੋਈ ਨੁਕਸ, ਅਪੂਰਨਤਾ, ਕਮੀ ਜਾਂ ਘਾਟ;

(ਗ) "ਜ਼ਿਲ੍ਹਾ ਫ਼ੋਰਮ" ਦਾ ਮਤਲਬ ਹੈ ਧਾਰਾ 9 ਦੇ ਖੰਡ (ੳ) ਅਧੀਨ ਸਥਾਪਤ ਖ਼ਪਤਕਾਰ ਵਿਵਾਦ ਦਾਦਰਸੀ ਫੋਰਮ।

1930 ਦਾ 3 (ਘ) "ਮਾਲ" ਦਾ ਮਤਲਬ ਹੈ ਮਾਲ ਵਿੱਕਰੀ ਐਕਟ, 1930 ਵਿੱਚ ਪਰਿਭਾਸ਼ਤ ਮਾਲ;

(ਙ) "ਨਿਰਮਾਤਾ" ਦਾ ਮਤਲਬ ਹੈ ਕੋਈ ਅਜਿਹਾ ਵਿਅਕਤੀ ਜੋ,—

(i) ਕਿਸੇ ਮਾਲ ਜਾਂ ਉਸ ਦੇ ਭਾਗਾਂ ਨੂੰ ਬਣਾਉਂਦਾ ਹੈ, ਜਾਂ ਉਸ ਦਾ ਨਿਰਮਾਣ ਕਰਦਾ ਹੈ; ਜਾਂ

(ii) ਕਿਸੇ ਮਾਲ ਨੂੰ ਬਣਾਉਂਦਾ ਜਾਂ ਉਸ ਦਾ ਨਿਰਮਾਣ ਨਹੀਂ ਕਰਦਾ ਹੈ, ਪਰ ਹੋਰ ਵਿਅਕਤੀਆਂ ਦੁਆਰਾ ਬਣਾਏ ਗਏ ਜਾਂ ਨਿਰਮਤ ਉਸ ਦੇ ਭਾਗਾਂ ਨੂੰ ਜੋੜਦਾ ਹੈ ਅਤੇ ਅੰਤਮ ਉਤਪਾਦ ਬਾਰੇ ਇਹ ਦਾਅਵਾ ਕਰਦਾ ਹੈ ਕਿ ਉਹ ਉਸ ਦੁਆਰਾ ਨਿਰਮਤ ਮਾਲ ਹੈ ;ਜਾਂ

(iii) ਕਿਸੇ ਹੋਰ ਨਿਰਮਾਤਾ ਦੁਆਰਾ ਬਣਾਏ ਗਏ ਜਾਂ ਨਿਰਮਤ ਕਿਸੇ ਮਾਲ ਤੇ ਆਪਣਾ ਚਿਨ੍ਹ ਲਾਉਂਦਾ ਹੈ ਜਾਂ ਲਗਵਾਉਂਦਾ ਹੈ ਅਤੇ ਅਜਿਹੇ ਮਾਲ ਬਾਰੇ ਇਹ ਦਾਅਵਾ ਕਰਦਾ ਹੈ ਕਿ ਉਹ ਉਸ ਦੁਆਰਾ ਬਣਾਇਆ ਗਿਆ ਜਾਂ ਨਿਰਮਤ ਹੈ।

ਵਿਆਖਿਆ :—ਜਿਥੇ ਕੋਈ ਨਿਰਮਾਤਾ ਕੋਈ ਮਾਲ ਜਾਂ ਉਸ ਦੇ ਭਾਗ ਨੂੰ ਆਪਣੇ ਦੁਆਰਾ ਬਣਾਏ ਗਏ ਕਿਸੇ ਸ਼ਾਖਾ ਦਫ਼ਤਰ ਵਿੱਚ ਭੇਜਦਾ ਹੈ, ਉਥੇ ਅਜਿਹੇ ਸ਼ਾਖਾ ਦਫ਼ਤਰ ਬਾਰੇ ਇਹ ਨਹੀਂ ਸਮਝਿਆ ਜਾਵੇਗਾ ਕਿ ਉਹ ਨਿਰਮਾਤਾ ਹੈ, ਭਾਵੇਂ ਉਸ ਵਿੱਚ ਇਸ ਤਰ੍ਹਾਂ ਭੇਜੇ ਗਏ ਪੁਰਜਿਆਂ ਨੂੰ ਅਜਿਹੇ ਸ਼ਾਖਾ ਦਫ਼ਤਰ ਵਿੱਚ ਜੋੜਿਆ ਜਾਂਦਾ ਹੈ ਅਤੇ ਅਜਿਹੇ ਸ਼ਾਖਾ ਦਫ਼ਤਰ ਤੋਂ ਵਿਕਰੀ ਜਾਂ ਵੰਡ ਕੀਤੀ ਜਾਦੀ ਹੈ ;

(ਚ) "ਰਾਸ਼ਟਰੀ ਕਮਿਸ਼ਨ" ਦਾ ਮਤਲਬ ਹੈ ਧਾਰਾ 9 ਦੇ ਖੰਡ (ੲ) ਅਧੀਨ ਸਥਾਪਤ ਰਾਸ਼ਟਰੀ ਖ਼ਪਤਕਾਰ ਵਿਵਾਦ ਦਾਦਰਸੀ ਕਮਿਸ਼ਨ ;

(ਛ) "ਅਧਿਸੂਚਨਾ" ਦਾ ਮਤਲਬ ਹੈ ਸਰਕਾਰੀ ਗਜ਼ਟ ਵਿੱਚ ਪ੍ਰਕਾਸਤ ਅਧਿਸੂਚਨਾ;

(ਜ) ਵਿਅਕਤੀ ਵਿੱਚ ਹੇਠ-ਲਿਖੇ ਸ਼ਾਮਲ ਹਨ,

(i) ਕੋਈ ਫਰਮ, ਭਾਵੇਂ ਰਜਿਸਟਰਸ਼ੁਦਾ ਹੈ ਜਾਂ ਨਹੀਂ;

(ii) ਹਿੰਦੂ ਅਣ-ਵੰਡਿਆਂ ਪਰਿਵਾਰ;

(iii) ਸਹਿਕਾਰੀ ਸੋਸਾਇਟੀ ;

(iv) ਵਿਅਕਤੀਆਂ ਦੀ ਹਰਿਕ ਕੋਈ ਹੋਰ ਸਭਾ, ਭਾਵੇਂ ਉਹ ਸੋਸਾਇਟੀ ਰਜਿਸਟਰੀਕਰਣ ਐਕਟ, 1860 ਅਧੀਨ ਰਜਿਸਟਰਸ਼ੁਦਾ ਹੈ ਜਾਂ ਨਹੀਂ; 1860 ਦਾ 21

(ਝ) "ਮੁਕੱਰਰ" ਦਾ ਮਤਲਬ ਹੈ, ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਜਾਂ ਜਿਹੀ ਕਿ ਸੂਰਤ ਹੋਵੇ, ਕੇਂਦਰੀ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ ;

Ins. 50/1993

(ਞ) "ਸੇਵਾ" ਦਾ ਮਤਲਬ ਹੈ, ਕਿਸੇ ਤਰ੍ਹਾਂ ਦੀ ਕੋਈ ਸੇਵਾ ਜੋ ਉਸ ਦੇ ਸੰਭਾਵੀ ਵਰਤੋਂ ਕਰਨ ਵਾਲਿਆਂ ਨੂੰ ਉਪਲਬੱਧ ਕਰਾਈ ਜਾਂਦੀ ਹੈ ਅਤੇ ਇਸ ਵਿੱਚ ਬੈਂਕਿੰਗ, ਵਿਤਪੋਸ਼ਣ, ਬੀਮਾ, ਟਰਾਂਸਪੋਰਟ , ਪ੍ਰੋਸੈਸ ਕਰਨਾ, ਬਿਜਲੀ ਜਾਂ ਹੋਰ ਊਰਜਾ ਸਪਲਾਈ ਕਰਨਾ, ਖਾਣਾ ਜਾਂ ਰਿਹਾਇਸ਼ੀ ਥਾਂ ਜਾਂ ਦੋਵੇਂ ਮਨੋਰੰਜਨ, ਦਿਲਪਰਚਾਵਾ, ਖ਼ਬਰਾਂ ਜਾਂ ਹੋਰ ਜਾਣਕਾਰੀ ਪਹੁੰਚਾਉਣ ਦੇ ਤੱਲਕ ਵਿੱਚ ਸਹੂਲਤਾਂ ਦਾ ਪ੍ਰਬੰਧ ਸ਼ਾਮਲ ਹੈ, ਪਰ ਇਸ ਵਿੱਚ ਮੁਫ਼ਤ ਜਾਂ ਨਿਜੀ ਸੇਵਾਂ ਦੇ ਮੁਆਇਦੇ ਅਧੀਨ ਸੇਵਾ ਦਾ ਕੀਤਾ ਜਾਣਾ ਸ਼ਾਮਲ ਨਹੀਂ ਹੈ;

Ins. 50/1993

(ਟ) "ਰਾਜ ਕਮਿਸ਼ਨ" ਦਾ ਮਤਲਬ ਹੈ ਧਾਰਾ 9 ਦੇ ਖੰਡ (ਅ) ਅਧੀਨ ਕਿਸੇ ਰਾਜ ਦੇ ਲਈ ਸਥਾਪਤ ਕੋਈ ਖਪਤਕਾਰ ਵਿਵਾਦ ਦਾਦਰਸੀ ਕਮਿਸ਼ਨ;

(ਠ) ਕਿਸੇ ਮਾਲ ਦੇ ਸੰਬੰਧ ਵਿੱਚ "ਵਪਾਰੀ" ਦਾ ਮਤਲਬ ਹੈ ਅਜਿਹਾ ਕੋਈ ਵਿਅਕਤੀ ਜੋ ਵਿਕਰੀ ਲਈ ਕਿਸੇ ਮਾਲ ਨੂੰ ਵੇਚਦਾ ਜਾਂ ਵੰਡਦਾ ਹੈ ਅਤੇ ਇਸ ਵਿੱਚ ਉਸਦਾ ਨਿਰਮਾਤਾ ਵੀ ਸ਼ਾਮਲ ਹੈ, ਅਤੇ ਜਿੱਥੇ ਅਜਿਹੇ ਮਾਲ ਦੀ ਵਿਕਰੀ ਜਾਂ ਵੰਡ ਪੈਕੇਜ ਦੇ ਰੂਪ ਵਿੱਚ ਕੀਤੀ ਜਾਂਦੀ ਹੈ; ਉਥੇ ਇਸ ਵਿੱਚ ਇਸ ਦਾ ਪੈਕਰ ਵੀ ਸ਼ਾਮਲ ਹੈ;

Sub. 50/1993

[(ਡ)] ["ਅਣਉਚਿਤ ਵਪਾਰਕ ਵਿਹਾਰ" ਪਦ ਦਾ ਉਹੀ ਮਤਲਬ ਹੋਵੇਗਾ ਜੋ ਉਸ ਦਾ ਇਜਾਰਾ ਅਤੇ ਬੰਦਸ਼ ਵਾਲੇ ਵਪਾਰਕ ਵਿਹਾਰ ਐਕਟ, 1969 ਦੀ ਧਾਰਾ 36 ੳ ਵਿੱਚ ਹੈ ਪਰ ਇਸ ਵਿੱਚ ਕਿਸੇ ਅਜਿਹੇ ਉਪਕ੍ਰਮ ਦੇ ਮਾਲਕ ਦੁਆਰਾ ਜਿਸ ਨੂੰ ਇਸ ਐਕਟ ਦੇ ਅਧਿਆਏ III ਦਾ ਭਾਗ ੳ ਲਾਗੂ ਹੁੰਦਾ ਹੈ ਜਾਂ ਅਜਿਹੇ ਮਾਲਕ ਦੇ ਨਮਿੱਤ ਜਾਂ ਉਸ ਤੇ ਫਾਇਦੇ ਲਈ ਕਾਰਜ ਕਰਨ ਵਾਲੇ ਕਿਸੇ ਵਿਅਕਤੀ ਦੁਆਰਾ ਅਪਣਾਇਆ ਗਿਆ ਅਣਉਚਿਤ ਵਪਾਰਕ ਵਿਹਾਰ ਸ਼ਾਮਲ ਨਹੀਂ ਹੈ।] 1969 ਦਾ 54

(2) ਇਸ ਐਕਟ ਵਿੱਚ ਕਿਸੇ ਅਜਿਹੇ ਹੋਰ ਐਕਟ ਜਾਂ ਉਸ ਦੇ ਉਪਬੰਧ ਪ੍ਰਤੀ ਕਿਸੇ ਹਵਾਲੇ ਦਾ ਜੋ ਕਿਸੇ ਅਜਿਹੇ ਖੇਤਰ ਵਿੱਚ ਜਿਸ ਨੂੰ ਇਹ ਐਕਟ ਲਾਗੂ ਹੁੰਦਾ ਹੈ, ਨਾਫ਼ਜ਼ ਨਹੀਂ ਹੈ ਇਹ ਅਰਥ ਕੱਢਿਆ ਜਾਵੇਗਾ ਕਿ ਉਹ ਉਸ ਖੇਤਰ ਵਿੱਚ ਨਾਫ਼ਜ਼ ਕਿਸੇ ਤਤਸਥਾਨੀ ਐਕਟ ਜਾਂ ਉਸ ਦੇ ਉਪਬੰਧ ਦੇ ਪ੍ਰਤੀ ਹਵਾਲਾ ਹੈ।

ਐਕਟ ਦਾ ਕਿਸੇ ਹੋਰ ਕਾਨੂੰਨ ਦਾ ਅਲਪਣ ਨ ਕਰਨਾ।

(3) ਇਸ ਐਕਟ ਦੇ ਉਪਬੰਧ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਦੇ ਅਤਿਰਿਕਤ ਹੋਣਗੇ ਨ ਕਿ ਉਨ੍ਹਾਂ ਦਾ ਅਲਪਣ ਕਰਨ ਵਾਲੇ।

## ਅਧਿਆਏ II

## ਖ਼ਪਤਕਾਰ ਹਿਫ਼ਾਜ਼ਤ ਪਰਿਸ਼ਦ

ਕੇਂਦਰੀ ਖਪਤਕਾਰ ਹਿਫ਼ਾਜ਼ਤ ਪਰਿਸ਼ਦ।

4. (1) ਕੇਂਦਰੀ ਸਰਕਾਰ, ਅਧਿਸੂਚਨਾ ਦੁਆਰਾ ਅਜਿਹੀ ਤਰੀਕ ਤੋਂ ਜੋ ਉਹ ਅਜਿਹੀ ਅਧਿਸੂਚਨਾ ਵਿੱਚ ਉਲਿਖਤ ਕਰੇ ਕੇਂਦਰੀ ਖ਼ਪਤਕਾਰ ਹਿਫ਼ਾਜ਼ਤ ਪਰਿਸ਼ਦ ਦੇ ਰੂਪ ਵਿੱਚ ਜਾਣੀ ਜਾਂਦੀ ਇੱਕ ਪਰਿਸ਼ਦ ਦਾ (ਜਿਸ ਦਾ ਇਸ ਵਿੱਚ ਇਸ ਤੋਂ ਪਿੱਛੋਂ ਕੇਂਦਰੀ ਪਰਿਸ਼ਦ ਵਜੋਂ ਹਵਾਲਾ ਦਿੱਤਾ ਗਿਆ ਹੈ) ਗਠਨ ਕਰ ਸਕੇਗੀ।

(2) ਕੇਂਦਰੀ ਪਰਿਸ਼ਦ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:—

[ ] Sub. 50/1993

(ੳ) ਕੇਂਦਰੀ ਸਰਕਾਰ ਦੇ [ਖੁਰਾਕ ਅਤੇ ਸਿਵਲ ਸਪਲਾਈ ਵਿਭਾਗ] ਦਾ ਇਨਚਾਰਜ ਮੰਤਰੀ

ਜੋ ਉਸ ਦਾ ਚੇਅਰਮੈਨ ਹੋਵੇਗਾ;

(ਅ) ਅਜਿਹੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਹੋਰ ਸਰਕਾਰੀ ਜਾਂ ਗੈਰ ਸਰਕਾਰੀ ਮੈਂਬਰਾਂ ਦੀ ਅਜਿਹੀ ਗਿਣਤੀ ਜੋ ਮੁਕੱਰਰ ਕੀਤੀ ਜਾਵੇ ।

**ਕੇਂਦਰੀ ਪਰਿਸ਼ਦ ਦੀਆਂ ਇਕੱਤਰਤਾਵਾਂ ਲਈ ਜ਼ਾਬਤਾ ।**

5. (1) ਕੇਂਦਰੀ ਪਰਿਸ਼ਦ ਦੀਆਂ ਇਕੱਤਰਤਾਵਾਂ ਜਿਉਂ ਅਤੇ ਜਦ ਜ਼ਰੂਰੀ ਹੋਣ, ਹੋਣਗੀਆਂ, ਪਰ ਹਰਿਕ ਸਾਲ ਵਿੱਚ ਪਰਿਸ਼ਦ ਦੀਆਂ ਘੱਟ ਤੋਂ ਘੱਟ ਤਿੰਨ ਇਕੱਤਰਤਾਵਾਂ ਕੀਤੀਆਂ ਜਾਣਗੀਆਂ।

(2) ਕੇਂਦਰੀ ਪਰਿਸ਼ਦ ਦੀ ਇਕੱਤਰਤਾ ਅਜਿਹੇ ਸਮੇਂ ਅਤੇ ਥਾਂ ਤੇ ਹੋਵੇਗੀ ਜੋ ਚੇਅਰਮੈਨ ਠੀਕ ਸਮਝੇ ਅਤੇ ਉਹ ਆਪਣੇ ਕਾਰੋਬਾਰ ਸੰਚਾਲਨ ਦੀ ਬਾਬਤ ਅਜਿਹੇ ਜ਼ਾਬਤੇ ਦੀ ਪਾਲਣਾ ਕਰੇਗੀ ਜੋ ਮੁਕੱਰਰ ਕੀਤਾ ਜਾਵੇ ।

**ਕੇਂਦਰੀ ਪਰਿਸ਼ਦ ਦੇ ਉਦੇਸ਼ ।**

6. ਕੇਂਦਰੀ ਪਰਿਸ਼ਦ ਦੇ ਉਦੇਸ਼ ਖ਼ਪਤਕਾਰਾਂ ਦੇ ਅਧਿਕਾਰਾਂ ਨੂੰ ਬੜ੍ਹਾਵਾ ਦੇਣਾ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਕਰਨਾ ਹੋਣਗੇ ਜਿਵੇਂ,—

(ੳ) ਜੀਵਨ ਅਤੇ ਸੰਪਤੀ ਲਈ ਜੋਖੋਂ ਵਾਲੇ ਮਾਲ ਦੇ ਮੰਡੀਕਰਣ ਵਿਰੁੱਧ ਹਿਫ਼ਾਜ਼ਤ ਦਾ ਅਧਿਕਾਰ ;

(ਅ) ਮਾਲ ਦੀ ਕੁਆਲਿਟੀ, ਮਿਕਦਾਰ, ਸ਼ਕਤਤਾ, ਖਾਲਸਪਨ, ਮਿਆਰ ਅਤੇ ਕੀਮਤ ਬਾਬਤ, ਜਾਣੂ ਕਰਾਏ ਜਾਣ ਦਾ ਅਧਿਕਾਰ ਜਿਸ ਨਾਲ ਅਣਉਚਿਤ ਵਪਾਰਕ ਵਿਹਾਰ ਤੋਂ ਖ਼ਪਤਕਾਰ ਦੀ ਹਿਫ਼ਾਜ਼ਤ ਕੀਤੀ ਜਾ ਸਕੇ;

(ੲ) ਜਿਥੇ ਵੀ ਸੰਭਵ ਹੋਵੇ ਉਥੇ ਮੁਕਾਬਲੇ ਦੀਆਂ ਕੀਮਤਾਂ ਤੇ ਭਿੰਨ ਕਿਸਮ ਦੇ ਮਾਲ ਤੱਕ ਪਹੁੰਚ ਸੁਨਿਸ਼ਚਿਤ ਕੀਤੇ ਜਾਣ ਦਾ ਅਧਿਕਾਰ ;

(ਸ) ਸੁਣੇ ਜਾਣ ਦਾ ਅਤੇ ਇਹ ਸੁਨਿਸਚਿਤ ਕੀਤੇ ਜਾਣ ਦਾ ਅਧਿਕਾਰ ਕਿ ਖ਼ਪਤਕਾਰਾਂ ਦੇ ਹਿੱਤਾਂ ਦੇ ਮੁਨਾਸਬ ਫੋਰਮਾਂ ਤੇ ਠੀਕ ਤੌਰ ਤੇ ਵਿਚਾਰ ਕੀਤਾ ਜਾਵੇਗਾ;

(ਹ) ਅਣਉਚਿਤ ਵਪਾਰਕ ਵਿਹਾਰ ਜਾਂ ਖ਼ਪਤਕਾਰਾਂ ਦੇ ਬੇਨੇਮਾਂ ਸ਼ੋਸ਼ਣ ਦੇ ਵਿਰੁੱਧ ਦਾਦਰਸੀ ਦਾ ਅਧਿਕਾਰ ; ਅਤੇ

(ਕ) ਖ਼ਪਤਕਾਰ ਸਿਖਿਆ ਦਾ ਅਧਿਕਾਰ ।

**ਰਾਜ ਖ਼ਪਤਕਾਰ ਹਿਫ਼ਾਜ਼ਤ ਪਰਿਸ਼ਦ ।**

7 (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਅਜਿਹੀ ਤਰੀਕ ਤੋਂ ਜੋ ਉਹ ਅਜਿਹੀ ਅਧਿ-ਸੂਚਨਾ ਵਿੱਚ ਉਲਿਖਤ ਕਰੇ ਖ਼ਪਤਕਾਰ ਹਿਫ਼ਾਜ਼ਤ ਪਰਿਸ਼ਦ ਦੇ ਤੌਰ ਤੇ ਜਾਣੀ ਜਾਂਦੀ ਇੱਕ ਪਰਿਸ਼ਦ ਦਾ (ਜਿਸ ਨੂੰ ਇਸ ਤੋਂ ਪਿੱਛੋਂ ਰਾਜ ਪਰਿਸ਼ਦ ਕਿਹਾ ਗਿਆ ਹੈ) ਗਠਨ ਕਰ ਸਕੇਗੀ ।

(2) ਰਾਜ ਪਰਿਸ਼ਦ ਵਿੱਚ ਅਜਿਹੇ ਮੈਂਬਰ ਹੋਣਗੇ ਜੋ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਅਧਿਸੂਚਨਾ ਦੁਆਰਾ ਉਲਿਖਤ ਕੀਤੇ ਜਾਣ।

**ਰਾਜ ਪਰਿਸ਼ਦ ਦੇ ਉਦੇਸ਼ ।**

8. ਹਰਿਕ ਰਾਜ ਪਰਿਸ਼ਦ ਦੇ ਉਦੇਸ਼ ਰਾਜ ਦੇ ਅੰਦਰ, ਖ਼ਪਤਕਾਰਾਂ ਦੀ ਧਾਰਾ 6 ਦੇ ਖੰਡ (ੳ) ਤੋਂ ਖੰਡ (ਕ) ਵਿੱਚ ਦਿੱਤੇ ਅਧਿਕਾਰਾਂ ਨੂੰ ਬੜ੍ਹਾਵਾ ਦੇਣਾ ਅਤੇ ਹਿਫ਼ਾਜ਼ਤ ਕਰਨਾ ਹੋਣਗੇ ।

## ਅਧਿਆਏ III

## ਖ਼ਪਤਕਾਰ ਵਿਵਾਦ ਦਾਦਰਸੀ ਏਜੰਸੀਆਂ

**ਖ਼ਪਤਕਾਰ ਵਿਵਾਦ ਦਾਦਰਸੀ ਏਜੰਸੀਆਂ ਦੀ ਸਥਾਪਨਾ ।**

9. ਇਸ ਐਕਟ ਦੇ ਪ੍ਰਯੋਜਨਾਂ ਲਈ ਹੇਠ-ਲਿਖੀਆਂ ਏਜੰਸੀਆਂ ਦੀ ਸਥਾਪਨਾ ਕੀਤੀ ਜਾਵੇਗੀ, ਅਰਥਾਤ,—

(ੳ) "ਜ਼ਿਲ੍ਹਾ ਫੋਰਮ" ਦੇ ਰੂਪ ਵਿੱਚ ਜਾਣੇ ਜਾਂਦੇ ਇਕ ਖ਼ਪਤਕਾਰ ਵਿਵਾਦ ਦਾਦਰਸੀ ਫੋਰਮ ਦੀ ਸਥਾਪਨਾ ਰਾਜ ਸਰਕਾਰ ਦੁਆਰਾ ਕੇਂਦਰੀ ਸਰਕਾਰ ਦੀ ਪੂਰਵ ਪਰਵਾਨਗੀ ਨਾਲ, ਅਧਿਸੂਚਨਾ ਦੁਆਰਾ, ਰਾਜ ਦੇ ਹਰੇਕ ਜ਼ਿਲੇ ਵਿੱਚ ਕੀਤੀ ਜਾਵੇਗੀ ;

(ਅ) "ਰਾਜ ਕਮਿਸ਼ਨ" ਦੇ ਤੌਰ ਤੇ ਜਾਣੇ ਜਾਂਦੇ ਇੱਕ ਖ਼ਪਤਕਾਰ ਵਿਵਾਦ ਦਾਦਰਸੀ ਕਮਿਸ਼ਨ ਦੀ ਸਥਾਪਨਾ, ਰਾਜ ਸਰਕਾਰ ਦੁਆਰਾ, ਕੇਂਦਰੀ ਸਰਕਾਰ ਦੀ ਪੂਰਵ ਪਰਵਾਨਗੀ ਨਾਲ ਅਧਿਸੂਚਨਾਂ ਦੁਆਰਾ ਰਾਜ ਵਿੱਚ ਕੀਤੀ ਜਾਵੇਗੀ; ਅਤੇ

(ੲ) ਕੇਂਦਰੀ ਸਰਕਾਰ ਇੱਕ ਰਾਸ਼ਟਰੀ ਖ਼ਪਤਕਾਰ ਵਿਵਾਦ ਦਾਦਰਸੀ ਕਮਿਸ਼ਨ ਦੀ ਸਥਾਪਨਾ ਅਧਿਸੂਚਨਾਂ ਦੁਆਰਾ ਕਰੇਗੀ।

ਜ਼ਿਲ੍ਹਾ ਫੋਰਮ ਦੀ ਰਚਨਾ ।

10. (1) ਹਰੇਕ ਜ਼ਿਲ੍ਹਾ ਫੋਰਮ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ:—

(ੳ) ਅਜਿਹਾ ਇੱਕ ਵਿਅਕਤੀ ਜੋ ਜ਼ਿਲ੍ਹਾ ਜੱਜ ਹੈ ਜਾਂ ਰਹਿ ਚੁਕਿਆ ਹੈ ਜਾਂ ਹੋਣ ਦੇ ਲਈ ਕਾਬਲ ਹੈ ਜੋ ਉਸ ਦਾ ਪ੍ਰਧਾਨ ਹੋਣ ਲਈ ਕੇਂਦਰੀ ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਵੇਗਾ;

(ਅ) ਸਿਖਿਆ, ਵਪਾਰ ਜਾਂ ਵਣਜ ਦੇ ਖੇਤਰ ਵਿੱਚ ਉੱਘਾ ਕੋਈ ਵਿਅਕਤੀ;

(ੲ) ਇੱਕ ਇਸਤਰੀ ਸਮਾਜਕ ਵਰਕਰ ।

(2) ਜ਼ਿਲ੍ਹਾ ਫੋਰਮ ਦਾ ਹਰਿਕ ਮੈਂਬਰ ਪੰਜ ਸਾਲ ਦੀ ਅਉਧ ਲਈ ਜਾਂ 65 ਸਾਲ ਦੀ ਉਮਰ ਤੱਕ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ, ਅਹੁਦਾ ਧਾਰਨ ਕਰੇਗਾ ਅਤੇ ਉਹ ਮੁੜ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ :

ਪਰੰਤੂ ਕੋਈ ਮੈਂਬਰ ਰਾਜ ਸਰਕਾਰ ਨੂੰ ਆਪਣੇ ਦਸਖ਼ਤਾਂ ਨਾਲ ਲਿਖਤੀ ਰੂਪ ਵਿੱਚ ਅਸਤੀਫ਼ਾ ਭੇਜ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ ਅਤੇ ਅਜਿਹਾ ਅਸਤੀਫ਼ਾ ਸਵੀਕਾਰ ਕਰ ਲਏ ਜਾਣ ਤੇ ਉਸਦਾ ਅਹੁਦਾ ਖਾਲੀ ਹੋ ਜਾਵੇਗਾ ਅਤੇ ਉਹ ਅਜਿਹੇ ਕਿਸੇ ਵਿਅਕਤੀ ਦੀ ਨਿਯੁਕਤੀ ਦੁਆਰਾ ਭਰਿਆ ਜਾ ਸਕੇਗਾ ਜਿਸ ਦੇ ਕੋਲ ਅਜਿਹੇ ਕਿਸੇ ਮੈਂਬਰ ਦੀ ਸ਼੍ਰੇਣੀ ਦੇ ਸੰਬੰਧ ਵਿੱਚ ਜਿਸ ਨੇ ਅਸਤੀਫ਼ਾ ਦਿੱਤਾ ਹੈ, ਉਪ-ਧਾਰਾ (1) ਵਿੱਚ ਜ਼ਿਕਰ ਕੀਤੀਆਂ ਕਾਬਲੀਅਤਾਂ ਵਿੱਚੋਂ ਕੋਈ ਕਾਬਲੀਅਤ ਹੈ ।

(3) ਜ਼ਿਲ੍ਹਾ ਫੋਰਮ ਦੇ ਮੈਂਬਰਾਂ ਨੂੰ ਅਦਾਇਗੀਯੋਗ ਤਨਖ਼ਾਹ ਜਾਂ ਮਾਨਭੱਤਾ ਅਤੇ ਹੋਰ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ ।

ਜ਼ਿਲ੍ਹਾ ਫੋਰਮ ਦੀ ਅਧਿਕਾਰਤਾ ।

11. (1) ਇਸ ਐਕਟ ਦੇ ਹੋਰ ਉਪਬੰਧ ਦੇ ਤਾਬੇ, ਜ਼ਿਲ੍ਹਾ ਫੋਰਮ ਨੂੰ ਅਜਿਹੀਆਂ ਸ਼ਿਕਾਇਤਾਂ ਗ੍ਰਹਿਣ ਕਰਨ ਦੀ ਅਧਿਕਾਰਤਾ ਹੋਵੇਗੀ ਜਿਥੇ ਮਾਲ ਜਾਂ ਸੇਵਾਵਾਂ ਅਤੇ ਦਾਅਵਾ ਕੀਤੇ ਮੁਆਵਜ਼ੇ ਦਾ, ਜੇ ਕੋਈ ਹੋਵੇ, ਮੁੱਲ ਇਕ ਲੱਖ ਰੁਪਏ ਤੋਂ ਘੱਟ ਹੈ।

(2) ਸ਼ਿਕਾਇਤ ਕਿਸੇ ਅਜਿਹੇ ਜ਼ਿਲ੍ਹਾ ਫੋਰਮ ਵਿੱਚ ਦਾਇਰ ਕੀਤੀ ਜਾਵੇਗੀ ਜਿਸ ਦੀ ਅਧਿਕਾਰਤਾ ਦੀਆਂ ਸਥਾਨਕ ਸੀਮਾਵਾਂ ਦੇ ਅੰਦਰ —

(ੳ) ਵਿਰੋਧੀ ਧਿਰ ਜਾਂ ਜਿਥੇ ਇੱਕ ਤੋਂ ਵੱਧ ਵਿਰੋਧੀ ਧਿਰਾਂ ਹੋਣ ਉੱਥੇ ਵਿਰੋਧੀ ਧਿਰਾਂ ਵਿੱਚੋਂ ਹਰੇਕ, ਸ਼ਿਕਾਇਤ ਦਾਇਰ ਕੀਤੇ ਜਾਣ ਦੇ ਸਮੇਂ ਵਾਸਤਵ ਵਿੱਚ ਅਤੇ ਸਵੈ-ਇੱਛਾ ਨਾਲ ਨਿਵਾਸ ਕਰਦੀ ਹੈ ਜਾਂ ਕਾਰੋਬਾਰ ਕਰਦੀ ਹੈ ਜਾਂ ਲਾਭ ਲਈ ਨਿਜੀ ਤੌਰ ਤੇ ਕੰਮ ਕਰਦੀ ਹੈ, ਜਾਂ

(ਅ) ਜਿਥੇ ਇੱਕ ਤੋਂ ਵੱਧ ਵਿਰੋਧੀ ਧਿਰਾਂ ਹੋਣ ਉਥੇ ਵਿਰੋਧੀ ਧਿਰਾਂ ਵਿੱਚੋਂ ਕੋਈ ਸ਼ਿਕਾਇਤ ਦਾਇਰ ਕੀਤੇ ਜਾਣ ਦੇ ਸਮੇਂ ਵਾਸਤਵ ਵਿਚ ਜਾਂ ਸਵੈ-ਇੱਛਾ ਨਾਲ ਨਿਵਾਸ ਕਰਦੀ ਹੈ ਜਾਂ ਕਾਰੋਬਾਰ ਕਰਦੀ ਹੈ ਜਾਂ ਲਾਭ ਲਈ ਨਿਜੀ ਤੌਰ ਤੇ ਕੰਮ ਕਰਦੀ ਹੈ, ਪਰੰਤੂ ਅਜਿਹੀ ਸੂਰਤ ਵਿੱਚ ਜਾਂ ਤਾਂ ਜ਼ਿਲ੍ਹਾ ਫ਼ੋਰਮ ਦੁਆਰਾ ਇਜਾਜ਼ਤ ਦਿੱਤੀ ਜਾਂਦੀ ਹੈ, ਜਾਂ ਵਿਰੋਧੀ ਧਿਰਾਂ ਦੀ ਜੋ ਨਿਵਾਸ ਨਹੀਂ ਕਰਦੀਆਂ, ਜਾਂ ਕਾਰੋਬਾਰ ਨਹੀਂ ਕਰਦੀਆਂ ਜਾਂ, ਜਿਹੀ ਕਿ ਸੂਰਤ ਹੋਵੇ, ਲਾਭ ਲਈ ਨਿਜੀ ਤੌਰ ਤੇ ਕੰਮ ਨਹੀਂ ਕਰਦੀਆਂ, ਅਜਿਹੇ ਦਾਇਰ ਕਰਨ ਵਿੱਚ ਮੌਨ ਸੰਮਤੀ ਹੋਵੇ ।

(ੲ) ਦਾਵੇ ਦਾ ਕਾਰਨ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਪੈਦਾ ਹੁੰਦਾ ਹੈ ।

Sub. 50/1993 [12. [ਵੇਚੇ ਗਏ ਜਾਂ ਹਵਾਲੇ ਕੀਤੇ ਮਾਲ ਜਾਂ ਮੁਹੱਈਆ ਕਰਾਈ ਗਈ ਕਿਸੇ ਸੇਵਾ ਦੇ ਸੰਬੰਧ ਵਿੱਚ ਕੋਈ ਸ਼ਿਕਾਇਤ ਜ਼ਿਲ੍ਹਾ ਫੋਰਮ ਨੂੰ ਹੇਠ-ਲਿਖਿਆਂ ਦੁਆਰਾ ਕੀਤੀ ਜਾ ਸਕੇਗੀ— ਤਰੀਕਾ ਜਿਸ ਨਾਲ ਸ਼ਿਕਾਇਤ ਕੀਤੀ ਜਾਵੇਗੀ ।

(ੳ) ਉਹ ਵਿਅਕਤੀ ਜਿਸ ਨੂੰ ਅਜਿਹਾ ਮਾਲ ਵੇਚਿਆ ਜਾਂ ਹਵਾਲੇ ਕੀਤਾ ਗਿਆ ਹੈ ਜਾਂ ਅਜਿਹੀ ਸੇਵਾ ਮੁਹੱਈਆ ਕਰਾਈ ਗਈ ਹੈ;

(ਅ) ਕੋਈ ਮਾਨਤਾ ਪ੍ਰਾਪਤ ਖ਼ਪਤਕਾਰ ਸਭਾ ਭਾਵੇਂ ਉਹ ਵਿਅਕਤੀ ਜਿਸ ਨੂੰ ਇਹ ਮਾਲ ਵੇਚਿਆ ਜਾਂ ਹਵਾਲੇ ਕੀਤਾ ਗਿਆ ਹੈ ਜਾਂ ਸੇਵਾ ਦੀ ਵਿਵਸਥਾ ਕਰਾਈ ਗਈ ਹੈ ਅਜਿਹੀ ਸਭਾ ਦਾ ਮੈਂਬਰ ਹੈ ਜਾਂ ਨਹੀਂ; ਜਾਂ

(ੲ) ਕੇਂਦਰੀ ਜਾਂ ਰਾਜ ਸਰਕਾਰ ।]

ਵਿਆਖਿਆ :—ਇਸ ਧਾਰਾ ਦੇ ਪ੍ਰਯੋਜਨ ਲਈ "ਮਾਨਤਾ ਪ੍ਰਾਪਤ ਖ਼ਪਤਕਾਰ ਸਭਾ" ਦਾ ਮਤਲਬ ਹੈ ਕੰਪਨੀ ਐਕਟ, 1956 ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ ਰਜਿਸਟਰਸ਼ੁਦਾ ਸਵੈ-ਇੱਛਕ ਖ਼ਪਤਕਾਰ ਸਭਾ । 1956 ਦਾ 1

13. (1) ਜ਼ਿਲ੍ਹਾ ਫੋਰਮ, ਕਿਸੇ ਸ਼ਿਕਾਇਤ ਦੀ ਪ੍ਰਾਪਤੀ ਤੇ, ਜੇ ਉਹ ਕਿਸੇ ਮਾਲ ਦੇ ਸੰਬੰਧ ਵਿੱਚ ਹੈ,— ਸ਼ਿਕਾਇਤ ਦੇ ਪ੍ਰਾਪਤ ਹੋਣ ਤੇ ਜ਼ਾਬਤਾ ।

(ੳ) ਸ਼ਿਕਾਇਤ ਦੀ ਇੱਕ ਨਕਲ ਸ਼ਿਕਾਇਤ ਵਿੱਚ ਜ਼ਿਕਰ ਕੀਤੀ ਵਿਰੋਧੀ ਧਿਰ ਨੂੰ ਇਹ ਨਿਦੇਸ਼ ਦਿੰਦੇ ਹੋਏ ਹਵਾਲੇ ਕਰੇਗਾ ਕਿ ਉਹ ਤੀਹ ਦਿਨਾਂ ਦੀ ਮੁੱਦਤ ਜਾਂ ਪੰਦਰਾਂ ਦਿਨਾਂ ਤੋਂ ਨ ਵੱਧਦੀ ਅਜਿਹੀ ਵਧਾਈ ਗਈ ਮੁੱਦਤ ਅੰਦਰ ਜੋ ਜ਼ਿਲ੍ਹਾ ਫ਼ੋਰਮ ਦੁਆਰਾ ਮਨਜ਼ੂਰ ਕੀਤੀ ਜਾਵੇ, ਮਾਮਲੇ ਦੇ ਬਾਰੇ ਵਿੱਚ ਆਪਣਾ ਵਿਵਰਣ ਦੇਵੇ ;

(ਅ) ਜਿੱਥੇ ਵਿਰੋਧੀ ਧਿਰ ਖੰਡ (ੳ) ਅਧੀਨ ਉਸ ਦੇ ਹਵਾਲੇ ਕੀਤੀ ਕਿਸੇ ਸ਼ਿਕਾਇਤ ਦੀ ਪ੍ਰਾਪਤੀ ਤੇ, ਸ਼ਿਕਾਇਤ ਵਿੱਚ ਦਰਜ ਦੂਸ਼ਣਾਂ ਤੋਂ ਇਨਕਾਰ ਕਰਦੀ ਹੈ ਜਾਂ ਉਨ੍ਹਾਂ ਬਾਰੇ ਝਗੜਾ ਕਰਦੀ ਹੈ, ਜਾਂ ਜ਼ਿਲ੍ਹਾ ਫੋਰਮ ਦੁਆਰਾ ਦਿੱਤੇ ਗਏ ਸਮੇਂ ਅੰਦਰ ਅਜਿਹੇ ਮਾਮ-ਲਿਆਂ ਦੀ ਪ੍ਰਤੀਨਿਧਤਾ ਕਰਨ ਲਈ ਕੋਈ ਕਾਰਵਾਈ ਕਰਨ ਵਿੱਚ ਉਕਾਈ ਕਰਦੀ ਹੈ ਜਾਂ ਕਰਨ ਵਿੱਚ ਅਸਫ਼ਲ ਰਹਿੰਦੀ ਹੈ ਉਥੇ ਜ਼ਿਲ੍ਹਾ ਫੋਰਮ ਖ਼ਪਤਕਾਰ ਵਿਵਾਦ ਨੂੰ ਖੰਡ (ੲ) ਤੋਂ ਖੰਡ (ਖ) ਵਿੱਚ ਉਲਿਖਤ ਤਰੀਕੇ ਨਾਲ ਨਿਪਟਾਉਣ ਦੇ ਲਈ ਕਾਰਵਾਈ ਕਰੇਗੀ ;

(ੲ) ਜਿੱਥੇ ਸ਼ਿਕਾਇਤਕਾਰ ਨੇ ਮਾਲ ਵਿੱਚ ਕਿਸੇ ਅਜਿਹੀ ਤਰੁਟੀ ਦਾ ਕਥਨ ਕੀਤਾ ਹੈ ਜਿਸ ਨੂੰ ਮਾਲ ਦੇ ਉਚਿਤ ਵਿਸ਼ਲੇਸ਼ਣ ਜਾਂ ਪਰਖ ਦੇ ਬਿਨਾਂ ਤੈਅ ਨਹੀਂ ਕੀਤਾ ਜਾ ਸਕਦਾ ਹੈ ਉਥੇ ਜ਼ਿਲ੍ਹਾ ਫੋਰਮ ਸ਼ਿਕਾਇਤਕਾਰ ਤੋਂ ਮਾਲ ਦਾ ਨਮੂਨਾ ਹਾਸਲ ਕਰੇਗਾ ਉਸ ਨੂੰ ਮੁਹਰਬੰਦ ਕਰੇਗਾ ਅਤੇ ਮੁਕੱਰਰ ਤਰੀਕੇ ਨਾਲ ਪ੍ਰਮਾਣੀਕ ਕਰੇਗਾ ਅਤੇ ਇਸ ਤਰ੍ਹਾਂ ਮੁਹਰਬੰਦ ਨਮੂਨੇ ਨੂੰ ਇਸ ਨਿਦੇਸ਼ ਦੇ ਨਾਲ ਮੁਨਾਸਬ ਪ੍ਰਯੋਗਸ਼ਾਲਾ ਦੇ ਹਵਾਲੇ ਕਰੇਗਾ

ਕਿ ਅਜਿਹੀ ਪ੍ਰਯੋਗਸ਼ਾਲਾ ਇਹ ਪਤਾ ਲਗਾਉਣ ਦੀ ਦ੍ਰਿਸ਼ਟੀ ਨਾਲ ਅਜਿਹੇ ਵਿਸ਼ਲੇਸ਼ਣ ਜਾਂ ਪਰਖ ਜੋ ਵੀ ਜ਼ਰੂਰੀ ਹੋਵੇ, ਕਰੇ ਕਿ ਅਜਿਹੇ ਮਾਲ ਵਿੱਚ ਸ਼ਿਕਾਇਤ ਵਿੱਚ ਕਥਿਤ ਕੋਈ ਤਰੁਟੀ ਹੈ ਜਾਂ ਨਹੀਂ ਜਾਂ ਮਾਲ ਵਿੱਚ ਕੋਈ ਹੋਰ ਤਰੁਟੀ ਹੈ ਜਾਂ ਨਹੀਂ ਅਤੇ ਉਸ ਤੇ ਆਪਣੀ ਰਿਪੋਟ ਹਵਾਲੇ ਦੀ ਪ੍ਰਾਪਤੀ ਦੇ ਪੰਤਾਲੀ ਦਿਨਾਂ ਦੀ ਮੁੱਦਤ ਅੰਦਰ ਜਾਂ ਅਜਿਹੀ ਵਧਾਈ ਗਈ ਮੁੱਦਤ ਅੰਦਰ ਜੋ ਜ਼ਿਲ੍ਹਾ ਫੋਰਮ ਦੁਆਰਾ ਮਨਜ਼ੂਰ ਕੀਤੀ ਜਾਵੇ, ਜ਼ਿਲ੍ਹਾ ਫੋਰਮ ਨੂੰ ਭੇਜੇਗਾ:

(ਸ) ਮਾਲ ਦਾ ਕੋਈ ਨਮੂਨਾ ਖੰਡ (ੲ) ਅਧੀਨ ਕਿਸੇ ਮੁਨਾਸਬ ਪ੍ਰਯੋਗਸ਼ਾਲਾ ਦੇ ਹਵਾਲੇ ਕੀਤੇ ਜਾਣ ਤੋਂ ਪਹਿਲਾਂ, ਜ਼ਿਲ੍ਹਾ ਫੋਰਮ ਸ਼ਿਕਾਇਤਕਾਰ ਤੋਂ ਫੋਰਮ ਦੇ ਨਾਂ ਵਿੱਚ ਪ੍ਰਛ ਅਧੀਨ ਮਾਲ ਦੇ ਸੰਬੰਧ ਵਿੱਚ ਜ਼ਰੂਰੀ ਵਿਸ਼ਲੇਸ਼ਣ ਜਾਂ ਪਰਖ ਕਰਨ ਦੇ ਲਈ ਮੁਨਾਸਬ ਪ੍ਰਯੋਗਸ਼ਾਲਾ ਨੂੰ ਅਦਾਇਗੀ ਲਈ ਅਜਿਹੀ ਫੀਸ ਜੋ ਉਲਿਖਤ ਕੀਤੀ ਜਾਵੇ, ਫੋਰਮ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣਾ ਲੋੜ ਸਕੇਗਾ;

(ਹ) ਜ਼ਿਲ੍ਹਾ ਫੋਰਮ ਖੰਡ (ਸ) ਅਧੀਨ ਉਸਦੇ ਖਾਤੇ ਵਿੱਚ ਜਮ੍ਹਾਂ ਕੀਤੀ ਗਈ ਰਕਮ ਨੂੰ ਮੁਨਾਸਬ ਪ੍ਰਯੋਗਸ਼ਾਲਾ ਨੂੰ ਭੇਜੇਗਾ ਜਿਸ ਤੋਂ ਉਹ ਖੰਡ (ੲ) ਵਿੱਚ ਜ਼ਿਕਰ ਕੀਤੇ ਵਿਸ਼ਲੇਸ਼ਣ ਜਾਂ ਪਰਖ ਕਰ ਸਕੇ ਅਤੇ ਮੁਨਾਸਬ ਪ੍ਰਯੋਗਸ਼ਾਲਾ ਤੋਂ ਰਿਪੋਰਟ ਪ੍ਰਾਪਤ ਕਰਨ ਤੇ ਜ਼ਿਲ੍ਹਾ ਫੋਰਮ ਅਜਿਹੇ ਵਿਸ਼ੇਸ਼ ਕਥਨਾ ਸਹਿਤ ਜੋ ਜ਼ਿਲਾ ਫੋਰਮ ਮੁਨਾਸਬ ਸਮਝੇ ਵਿਰੋਧੀ ਧਿਰ ਨੂੰ ਰਿਪੋਟ ਦੀ ਇੱਕ ਨਕਲ ਭੇਜੇਗਾ;

(ਕ) ਜੇ ਕੋਈ ਧਿਰ ਮੁਨਾਸਬ ਪ੍ਰਯੋਗਸ਼ਾਲਾ ਦੇ ਕਿਸੇ ਉਪ-ਨਿਰਣਿਆਂ ਦੀ ਦਰੁਸਤੀ ਦੇ ਬਾਰੇ ਵਿੱਚ ਵਿਵਾਦ ਕਰਦੀ ਹੈ ਜਾਂ ਮੁਨਾਸਬ ਪ੍ਰਯੋਗਸ਼ਾਲਾ ਦੁਆਰਾ ਅਪਣਾਏ ਗਏ ਵਿਸ਼ਲੇਸ਼ਣ ਜਾਂ ਪਰਖ ਦੇ ਢੰਗਾਂ ਦੇ ਦਰੁਸਤ ਹੋਣ ਦੇ ਬਾਰੇ ਵਿੱਚ ਵਿਵਾਦ ਕਰਦੀ ਹੈ ਤਾਂ ਜ਼ਿਲ੍ਹਾ ਫੋਰਮ ਵਿਰੋਧੀ ਧਿਰ ਜਾਂ ਸ਼ਿਕਾਇਤਕਾਰ ਤੋਂ ਮੁਨਾਸਬ ਪ੍ਰਯੋਗਸ਼ਾਲਾ ਦੁਆਰਾ ਕੀਤੀ ਰਿਪੋਟ ਦੀ ਬਾਬਤ ਆਪਣੇ ਇਤਰਾਜ਼ਾਂ ਨੂੰ ਲਿਖਤੀ ਰੂਪ ਵਿੱਚ ਪੇਸ਼ ਕਰਨਾ ਲੋੜ ਸਕੇਗਾ ;

(ਖ) ਜ਼ਿਲ੍ਹਾ ਫੋਰਮ ਉਸ ਤੋਂ ਪਿਛੋਂ ਸ਼ਿਕਾਇਤਕਾਰ ਅਤੇ ਵਿਰੋਧੀ ਧਿਰ ਨੂੰ ਮੁਨਾਸਬ ਪ੍ਰਯੋਗਸ਼ਾਲਾ ਦੁਆਰਾ ਦਿੱਤੀ ਗਈ ਰਿਪੋਟ ਦੀ ਦਰੁਸਤੀ ਦੇ ਬਾਰੇ ਵਿੱਚ ਜਾਂ ਹੋਰਵੇਂ ਅਤੇ ਖੰਡ (ਕ) ਅਧੀਨ ਉਸ ਦੇ ਸੰਬੰਧ ਵਿੱਚ ਕੀਤੇ ਗਏ ਇਤਰਾਜ਼ ਦੇ ਬਾਰੇ ਵਿੱਚ ਵੀ ਸੁਣਵਾਈ ਦਾ ਇੱਕ ਵਾਜਬੀ ਅਵਸਰ ਦੇਵੇਗਾ ਅਤੇ ਧਾਰਾ 14 ਅਧੀਨ ਇੱਕ ਮੁਨਾਸਬ ਹੁਕਮ ਜਾਰੀ ਕਰੇਗਾ ।

(2) ਜ਼ਿਲ੍ਹਾ ਫੋਰਮ, ਜੇ ਧਾਰਾ 12 ਅਧੀਨ ਉਸ ਦੁਆਰਾ ਪ੍ਰਾਪਤ ਸ਼ਿਕਾਇਤ ਅਜਿਹੇ ਮਾਲ ਦੇ ਬਾਰੇ ਵਿੱਚ ਹੈ ਜਿਸ ਦੇ ਬਾਰੇ ਉਪ-ਧਾਰਾ (1) ਵਿੱਚ ਉਲਿਖਤ ਜ਼ਾਬਤਾ ਅਪਣਾਇਆ ਨਹੀਂ ਜਾ ਸਕਦਾ ਹੈ ਜਾਂ ਜੇ ਸ਼ਿਕਾਇਤ ਕਿਸੇ ਸੇਵਾ ਦੇ ਸੰਬੰਧ ਵਿੱਚ ਹੈ ਤਾਂ ਉਹ—

(ੳ) ਅਜਿਹੀ ਸ਼ਿਕਾਇਤ ਦੀ ਇਕ ਨਕਲ ਵਿਰੋਧੀ ਧਿਰ ਨੂੰ ਇਹ ਨਿਦੇਸ਼ ਦਿੰਦੇ ਹੋਏ ਹਵਾਲੇ ਕਰੇਗਾ ਕਿ ਉਹ 30 ਦਿਨਾਂ ਦੀ ਮੁੱਦਤ ਦੇ ਅੰਦਰ ਜਾਂ ਪੰਦਰਾਂ ਦਿਨਾਂ ਤੋਂ ਨ ਵਧਦੀ ਅਜਿਹੀ ਵਧਾਈ ਗਈ ਮੁੱਦਤ ਅੰਦਰ ਜੋ ਜ਼ਿਲ੍ਹਾ ਫੋਰਮ ਦੁਆਰਾ ਮਨਜ਼ੂਰ ਕੀਤੀ ਜਾਵੇ, ਆਪਣਾ ਵਿਵਰਣ ਦੇਵੇਗਾ;

(ਅ) ਜਿਥੇ ਵਿਰੋਧੀ ਧਿਰ ਖੰਡ (ੳ) ਅਧੀਨ ਉਸ ਦੇ ਹਵਾਲੇ ਕੀਤੀ ਸ਼ਿਕਾਇਤ ਦੀ ਨਕਲ ਦੀ ਪ੍ਰਾਪਤੀ ਤੇ, ਸ਼ਿਕਾਇਤ ਵਿੱਚ ਦਰਜ ਦੂਸ਼ਣਾਂ ਤੋਂ ਇਨਕਾਰ ਕਰਦੀ ਹੈ ਜਾਂ ਉਸ ਦੇ ਬਾਰੇ ਵਿੱਚ ਵਿਵਾਦ ਕਰਦੀ ਹੈ ਜਾਂ ਜ਼ਿਲ੍ਹਾ ਫੋਰਮ ਦੁਆਰਾ ਦਿੱਤੇ ਗਏ ਸਮੇਂ ਦੇ ਅੰਦਰ ਆਪਣੇ ਮਾਮਲੇ ਦੀ ਪ੍ਰਤੀਨਿਧਤਾ ਕਰਨ ਲਈ ਕੋਈ ਕਾਰਵਾਈ ਕਰਨ ਦੀ

ਉਕਾਈ ਕਰਦੀ ਹੈ ਜਾਂ ਉਸ ਵਿੱਚ ਅਸਫਲ ਰਹਿੰਦੀ ਹੈ ਤਾਂ ਜ਼ਿਲ੍ਹਾ ਫੋਰਮ ਹੇਠ-ਲਿਖੇ ਆਧਾਰ ਤੇ ਖ਼ਪਤਕਾਰ ਦੇ ਵਿਵਾਦ ਦਾ ਨਿਪਟਾਰਾ ਕਰਨ ਲਈ ਕਾਰਵਾਈ ਕਰੇਗਾ,—

(i) ਜਿਥੇ ਵਿਰੋਧੀ ਧਿਰ ਨੇ ਸ਼ਿਕਾਇਤ ਵਿੱਚ ਦਰਜ ਦੂਸ਼ਣਾਂ ਤੋਂ ਇਨਕਾਰ ਕੀਤਾ ਹੋਵੇ ਜਾਂ ਉਨ੍ਹਾਂ ਬਾਰੇ ਵਿਵਾਦ ਕੀਤਾ ਹੋਵੇ ਉਥੇ ਸ਼ਿਕਾਇਤਕਾਰ ਅਤੇ ਵਿਰੋਧੀ ਧਿਰ ਦੁਆਰਾ ਉਸ ਦੇ ਨੋਟਿਸ ਵਿੱਚ ਲਿਆਂਦੀ ਗਈ ਸ਼ਹਾਦਤ ਦੇ ਆਧਾਰ ਤੇ, ਜਾਂ

(ii) ਜਿਥੇ ਵਿਰੋਧੀ ਧਿਰ ਫੋਰਮ ਦੁਆਰਾ ਦਿੱਤੇ ਗਏ ਸਮੇਂ ਦੇ ਅੰਦਰ ਆਪਣੇ ਮਾਮਲੇ ਦੀ ਪ੍ਰਤੀਨਿਧਤਾ ਕਰਨ ਵਿੱਚ ਕੋਈ ਉਕਾਈ ਕਰਦੀ ਹੈ ਜਾਂ ਅਸਫਲ ਰਹਿੰਦੀ ਹੈ ਉਥੇ ਸ਼ਿਕਾਇਤਕਾਰ ਦੁਆਰਾ ਉਸ ਦੇ ਨੋਟਿਸ ਵਿੱਚ ਲਿਆਂਦੀ ਗਈ ਸ਼ਹਾਦਤ ਦੇ ਆਧਾਰ ਤੇ।

(3) ਉਪ-ਧਾਰਾ (1) ਅਤੇ ਉਪ-ਧਾਰਾ (2) ਵਿੱਚ ਦਿੱਤੇ ਗਏ ਜ਼ਾਬਤੇ ਦੀ ਪਾਲਣਾ ਵਿੱਚ ਕਿਸੇ ਵੀ ਕਾਰਵਾਈ ਤੇ ਕਿਸੇ ਅਦਾਲਤ ਵਿੱਚ ਇਸ ਆਧਾਰ ਤੇ ਉਜ਼ਰ ਨਹੀਂ ਕੀਤਾ ਜਾਵੇਗਾ ਕਿ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ।

(4) ਇਸ ਧਾਰਾ ਦੇ ਪ੍ਰਯੋਜਨਾਂ ਲਈ, ਜ਼ਿਲ੍ਹਾ ਫੋਰਮ ਨੂੰ, ਹੇਠ-ਲਿਖੇ ਮਾਮਲਿਆਂ ਦੇ ਬਾਰੇ
1908 ਦਾ 5 ਉਹੀ ਸ਼ਕਤੀਆਂ ਹੋਣਗੀਆਂ ਜੋ ਜ਼ਾਬਤਾ ਦੀਵਾਨੀ ਸੰਘਤਾ, 1908 ਅਧੀਨ ਕਿਸੇ ਦੀਵਾਨੀ ਅਦਾਲਤ ਵਿੱਚ ਕਿਸੇ ਦਾਵੇ ਦਾ ਵਿਚਾਰਣ ਕਰਦੇ ਸਮੇਂ ਨਿਹਿਤ ਹੁੰਦੀਆਂ ਹਨ ਅਰਥਾਤ;—

(i) ਕਿਸੇ ਮੁਦਾਲੇ ਜਾਂ ਗਵਾਹ ਨੂੰ ਸੰਮਨ ਕਰਨਾ ਅਤੇ ਹਾਜ਼ਰ ਕਰਵਾਉਣ ਅਤੇ ਗਵਾਹ ਦੀ ਸਹੁੰ ਤੇ ਪਰੀਖਿਆ ਕਰਨਾ;

(ii) ਸ਼ਹਾਦਤ ਵਜੋਂ ਪੇਸ਼ ਕੀਤੇ ਜਾਣਯੋਗ ਦਸਤਾਵੇਜ਼ ਜਾਂ ਕਿਸੇ ਹੋਰ ਪਦਾਰਥਕ ਚੀਜ਼ਾਂ ਦਾ ਪ੍ਰਗਟ ਕਰਨਾ ਅਤੇ ਪੇਸ਼ ਕੀਤੇ ਜਾਣਾ ;

(iii) ਹਲਫੀਆਂ ਬਿਆਨਾਂ ਤੇ ਸ਼ਹਾਦਤ ਪ੍ਰਾਪਤ ਕਰਨਾ ;

(iv) ਮੁਨਾਸਬ ਪ੍ਰਯੋਗਸ਼ਾਲਾ ਜਾਂ ਕਿਸੇ ਹੋਰ ਸੁਸੰਗਤ ਸਾਧਨ ਨਾਲ ਸੰਬੰਧਤ ਵਿਸ਼ਲੇਸ਼ਣ ਜਾਂ ਪਰਖ ਦੀ ਰਿਪੋਟ ਮੰਗਣਾ ;

(v) ਕਿਸੇ ਗਵਾਹ ਦੀ ਪਰੀਖਿਆ ਦੇ ਲਈ ਕੋਈ ਕਮਿਸ਼ਨ ਜ਼ਾਰੀ ਕਰਨਾ ; ਅਤੇ

(vi) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਵੇ।

1860 ਦਾ 45 (5) ਜ਼ਿਲ੍ਹਾ ਫੋਰਮ ਦੇ ਅੱਗੇ ਹਰਿਕ ਕਾਰਵਾਈ ਭਾਰਤੀ ਦੰਡ ਸੰਘਤਾ ਦੀ ਧਾਰਾ 193
1974 ਦਾ 2 ਅਤੇ ਧਾਰਾ 228 ਦੇ ਅਰਥ ਅੰਦਰ ਨਿਆਂਇਕ ਕਾਰਵਾਈ ਸਮਝੀ ਜਾਵੇਗੀ ਅਤੇ ਜ਼ਿਲ੍ਹਾ ਫੋਰਮ ਜ਼ਾਬਤਾ ਫੌਜਦਾਰੀ ਸੰਘਤਾ, 1973 ਦੀ ਧਾਰਾ 195, ਅਤੇ ਅਧਿਆਇ XXVI ਦੇ ਪ੍ਰਯੋਜਨਾਂ ਲਈ ਦੀਵਾਨੀ ਅਦਾਲਤ ਸਮਝੀ ਜਾਵੇਗੀ।

14. (1) ਜੇ ਧਾਰਾ 13 ਅਧੀਨ ਕੀਤੀ ਗਈ ਕਾਰਵਾਈ ਤੋਂ ਪਿਛੋਂ, ਜ਼ਿਲ੍ਹਾ ਫੋਰਮ ਦੀ ਇਹ ਜ਼ਿਲ੍ਹਾ ਫੋਰਮ ਦੇ ਉਪ-ਨਿਰਣੇ।
ਤਸੱਲੀ ਹੋ ਜਾਂਦੀ ਹੈ ਕਿ ਉਸ ਮਾਲ ਵਿੱਚ ਜਿਸ ਦੇ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ, ਸ਼ਿਕਾਇਤ ਵਿੱਚ ਉਲਿਖਤ ਕੋਈ ਤਰੁੱਟੀ ਹੈ ਜਾਂ ਸੇਵਾਵਾਂ ਬਾਰੇ ਸ਼ਿਕਾਇਤ ਵਿੱਚ ਦਰਜ ਕੋਈ ਦੂਸ਼ਣ ਸਾਬਤ ਹੋ ਗਿਆ ਹੈ ਤਾਂ ਉਹ ਵਿਰੋਧੀ ਧਿਰ ਨੂੰ ਹੇਠ-ਲਿਖਿਆਂ ਵਿੱਚੋਂ ਕੋਈ ਇੱਕ ਜਾਂ ਵੱਧ ਗੱਲਾਂ ਕਰਨ ਦਾ ਨਿਦੇਸ਼ ਦੇਣ ਵਾਲਾ ਹੁਕਮ ਜਾਰੀ ਕਰੇ, ਅਰਥਾਤ :—

(ੳ) ਪੁੱਛ ਅਧੀਨ ਮਾਲ ਵਿੱਚੋਂ ਮੁਨਾਸਬ ਪ੍ਰਯੋਗਸ਼ਾਲਾ ਦੁਆਰਾ ਦੱਸੀ ਗਈ ਤਰੁੱਟੀ ਨੂੰ ਦੂਰ ਕਰਨਾ ;

(ਅ) ਮਾਲ ਨੂੰ ਉਸ ਵਰਣਨ ਦੇ ਨਵੇਂ ਮਾਲ ਨਾਲ ਬਦਲਣਾ ਜੋ ਕਿਸੇ ਤਰੁੱਟੀ ਤੋਂ ਰਹਿਤ ਹੋਵੇਗਾ ;

(ੲ) ਸ਼ਿਕਾਇਤਕਾਰ ਨੂੰ ਕੀਮਤ ਜਾਂ, ਜਿਹੀ ਕਿ ਸੂਰਤ ਹੋਵੇ, ਸ਼ਿਕਾਇਤਕਾਰ ਦੁਆਰਾ ਵਿਰੋਧੀ ਧਿਰ ਨੂੰ ਅਦਾ ਕੀਤੇ ਸੇਵਾ-ਭਾਰਾਂ ਨੂੰ ਵਾਪਸ ਕਰਨਾ;

(ਸ) ਅਜਿਹੀ ਰਕਮ ਅਦਾ ਕਰਨਾ ਜੋ ਵਿਰੋਧੀ ਧਿਰ ਦੀ ਅਣਗਹਿਲੀ ਦੇ ਕਾਰਨ ਖ਼ਪਤਕਾਰ ਦੁਆਰਾ ਸਹਿਣ ਕੀਤੇ ਗਏ ਕਿਸੇ ਹਾਨ ਜਾਂ ਹਾਨੀ ਲਈ ਸ਼ਿਕਾਇਤਕਾਰ ਨੂੰ ਮੁਆਵਜ਼ੇ ਵਜੋਂ ਦਿੱਤੀ ਗਈ ਹੈ ।

Ins. 50/1993   ~~PB. Amd.~~

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਹਰਿਕ ਕਾਰਵਾਈ ਦਾ ਸੰਚਾਲਨ ਜ਼ਿਲ੍ਹਾ ਫੋਰਮ ਦੇ ਪ੍ਰਧਾਨ ਦੁਆਰਾ ਅਤੇ ਉਸ ਨਾਲ ਬੈਠਣ ਵਾਲੇ ਜ਼ਿਲ੍ਹਾ ਫੋਰਮ ਦੇ ਘਟ ਤੋਂ ਘਟ ਇਕ ਮੈਂਬਰ ਦੁਆਰਾ ਕੀਤਾ ਜਾਵੇਗਾ ।

PB. Amd.

ਪਰੰਤੂ ਜਿੱਥੇ ਕਿਸੇ ਕਾਰਨ ਕਰਕੇ ਉਹ ਮੈਂਬਰ ਉਸ ਕਾਰਵਾਈ ਦਾ ਸੰਚਾਲਨ, ਉਸਦੇ ਪੂਰਾ ਹੋਣ ਤਕ ਕਰਨ ਵਿੱਚ ਅਸਮਰਥ ਹੈ, ਉਥੇ ਪ੍ਰਧਾਨ ਅਤੇ ਉਹ ਮੈਂਬਰ ਅਜਿਹੀ ਕਾਰਵਾਈ ਦਾ ਸੰਚਾਲਣ ਨਵੇਂ ਸਿਰੇ ਤੋਂ ਕਰਨਗੇ ।

PB. Amd.

(2ੳ) ਜ਼ਿਲ੍ਹਾ ਫੋਰਮ ਦੁਆਰਾ ਉਪ-ਧਾਰਾ (1) ਅਧੀਨ ਕੀਤੇ ਗਏ ਹਰਿਕ ਹੁਕਮ ਤੇ ਉਸਦੇ ਪ੍ਰਧਾਨ ਅਤੇ ਅਜਿਹੇ ਮੈਂਬਰ ਜਾਂ ਮੈਂਬਰਾਂ ਦੁਆਰਾ ਦਸਖ਼ਤ ਕੀਤੇ ਜਾਣਗੇ ਜਿਨ੍ਹਾਂ ਨੇ ਕਾਰਵਾਈ ਦਾ ਸੰਚਾਲਣ ਕੀਤਾ ਹੈ :

ਪਰੰਤੂ ਜਿੱਥੇ ਕਾਰਵਾਈ ਦਾ ਸੰਚਾਲਣ ਪ੍ਰਧਾਨ ਅਤੇ ਇਕ ਮੈਂਬਰ ਦੁਆਰਾ ਕੀਤਾ ਗਿਆ ਹੈ ਅਤੇ ਕਿਸੇ ਨੁਕਤੇ ਜਾਂ ਨੁਕਤਿਆਂ ਤੇ ਉਨ੍ਹਾਂ ਵਿੱਚ ਮਤਭੇਦ ਹੈ ਤਾਂ ਉਹ ਉਸ ਨੁਕਤੇ ਜਾਂ ਨੁਕਤਿਆਂ ਨੂੰ ਜਿਨ੍ਹਾਂ ਤੇ ਉਨ੍ਹਾਂ ਵਿੱਚ ਮਤਭੇਦ ਹੈ, ਬਿਆਨ ਕਰਨਗੇ ਅਤੇ ਅਜਿਹੇ ਨੁਕਤੇ ਜਾਂ ਨੁਕਤਿਆਂ ਨੂੰ ਸੁਣਵਾਈ ਲਈ ਦੂਜੇ ਮੈਂਬਰ ਦੇ ਹਵਾਲੇ ਕਰਨਗੇ ਅਤੇ ਬਹੁਮਤ ਦੀ ਰਾਏ ਜ਼ਿਲ੍ਹਾ ਫੋਰਮ ਦਾ ਹੁਕਮ ਹੋਵੇਗਾ ।

(3) ਪੂਰਵਗਾਮੀ ਉਪਬੰਧਾਂ ਦੇ ਤਾਬੇ, ਜ਼ਿਲ੍ਹਾ ਫੋਰਮ ਦੇ ਮੈਂਬਰਾਂ ਦੇ ਆਚਰਣ, ਉਸ ਦੀਆਂ ਇਕੱਤਰਤਾਵਾਂ ਅਤੇ ਹੋਰ ਮਾਮਲਿਆਂ ਨਾਲ ਸੰਬੰਧਤ ਜ਼ਾਬਤਾ ਅਜਿਹਾ ਹੋਵੇਗਾ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ ।

ਅਪੀਲ ।

15. ਜ਼ਿਲ੍ਹਾ ਫੋਰਮ ਦੁਆਰਾ ਕੀਤੇ ਗਏ ਕਿਸੇ ਹੁਕਮ ਤੋਂ ਦੁੱਖਤ ਕੋਈ ਵਿਅਕਤੀ ਉਸ ਹੁਕਮ ਦੇ ਵਿਰੁੱਧ ਅਪੀਲ, ਹੁਕਮ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਅਜਿਹੇ ਫਾਰਮ ਤੇ ਅਤੇ ਤਰੀਕੇ ਨਾਲ ਜੋ ਮੁਕੱਰਰ ਕੀਤਾ ਜਾਵੇ, ਰਾਜ ਕਮਿਸ਼ਨ ਨੂੰ ਕਰ ਸਕੇਗਾ :

ਪਰੰਤੂ ਰਾਜ ਕਮਿਸ਼ਨ, ਉੱਕਤ ਤੀਹ ਦਿਨਾਂ ਦੀ ਮੁੱਦਤ ਦੇ ਗੁਜ਼ਰਨ ਦੇ ਪਿਛੋਂ ਅਪੀਲ ਗ੍ਰਹਿਣ ਕਰ ਸਕੇਗਾ ਜੇ ਉਸਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਉਸ ਮੁੱਦਤ ਦੇ ਅੰਦਰ ਅਪੀਲ ਨ ਫਾਈਲ ਕਰਨ ਦਾ ਕਾਫ਼ੀ ਕਾਰਨ ਸੀ ।

ਰਾਜ ਕਮਿਸ਼ਨ ਦੀ ਰਚਨਾ ।

16. (1) ਹਰੇਕ ਰਾਜ ਕਮਿਸ਼ਨ ਹੇਠ-ਲਿਖਿਆਂ ਤੋਂ ਮਿਲਕੇ ਬਣੇਗਾ,—

(ੳ) ਇੱਕ ਅਜਿਹਾ ਵਿਅੱਕਤੀ ਜੋ ਕਿਸੇ ਉੱਚ ਅਦਾਲਤ ਦਾ ਜੱਜ ਹੈ ਜਾਂ ਰਿਹਾ ਹੈ, ਜਿਸ ਨੂੰ ਰਾਜ ਸਰਕਾਰ ਦੁਆਰਾ ਨਿਯੁਕਤ ਕੀਤਾ ਜਾਵੇਗਾ ਅਤੇ ਜੋ ਉਸ ਦਾ ਪ੍ਰਧਾਨ ਹੋਵੇਗਾ ।

Ins. 50/1993.

(ਅ) ਦੋ ਹੋਰ ਮੈਂਬਰ, ਜੋ ਯੋਗਤਾ, ਦਿਆਨਤਦਾਰੀ ਅਤੇ ਤਜਰਬੇ ਵਾਲੇ ਵਿਅਕਤੀ ਹੋਣਗੇ ਜਿਨ੍ਹਾਂ ਨੂੰ ਅਰਥਸ਼ਾਸਤਰ, ਕਾਨੂੰਨ, ਵਣਜ, ਲੇਖਾਕਾਰੀ, ਉਦਯੋਗ, ਲੋਕ ਕਾਰ-ਵਿਹਾਰ ਜਾਂ ਪ੍ਰਸ਼ਾਸਨ ਦਾ ਚੋਖਾ ਗਿਆਨ ਜਾਂ ਤਜਰਬਾ ਹੋਵੇ ਜਾਂ ਉਸ ਨਾਲ ਸਬੰਧਤ ਸਮਸਿਆਵਾਂ ਦੇ ਸੰਬੰਧ ਵਿੱਚ ਕਾਰਵਾਈ ਕਰਨ ਦੀ ਸਮਰਥਾ ਦਰਸ਼ਤ ਕੀਤੀ ਹੋਵੇ, ਜਿਨ੍ਹਾਂ ਵਿੱਚ ਇਕ ਇਸਤਰੀਹੋਵੇਗੀ :

[ ] Sub. 50/1993.

[ਪਰੰਤੂ ਕਿਸੇ ਉੱਚ ਅਦਾਲਤ ਦਾ ਕੋਈ ਵਰਤਮਾਨ ਜੱਜ ਇਸ ਉਪ-ਧਾਰਾ ਅਧੀਨ ਉਸ ਉੱਚ ਅਦਾਲਤ ਦੇ ਚੀਫ਼ ਜਸਟਿਸ ਨਾਲ ਮਸ਼ਵਰਾ ਕੀਤੇ ਬਿਨਾਂ ਨਿਯੁਕਤ ਨਹੀਂ ਕੀਤਾ ਜਾਵੇਗਾ।]

[ ] Omitted 50/1993

(2) ਰਾਜ ਕਮਿਸ਼ਨ ਦੇ ਮੈਂਬਰਾਂ ਨੂੰ ਅਦਾਇਗੀਯੋਗ ਤਨਖਾਹ ਜਾਂ ਮਾਨ ਭੱਤਾ ਅਤੇ ਹੋਰ ਭੱਤੇ ਅਤੇ ਉਨ੍ਹਾ ਦੀ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ [(ਜਿਨ੍ਹਾਂ ਵਿੱਚ ਅਹੁਦੇ ਦੀ ਅਉਧ ਵੀ ਸ਼ਾਮਲ ਹੈ)] ਉਹ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰ੍ਰ ਕੀਤੀਆਂ ਜਾਣ।

17. ਇਸ ਐਕਟ ਦੇ ਹੋਰ ਉਪਬੰਧਾਂ ਦੇ ਤਾਬੇ ਰਾਜ ਕਮਿਸ਼ਨ ਨੂੰ ਹੇਠ-ਲਿਖੀ ਅਧਿਕਾਰਤਾ ਹੋਵੇਗੀ,— ਰਾਜ ਕਮਿਸ਼ਨ ਦੀ ਅਧਿਕਾਰਤਾ।

[ ] Sub. 50/1993

(ੳ) (i) ਅਜਿਹੀਆਂ ਸ਼ਿਕਾਇਤਾਂ ਨੂੰ ਗ੍ਰਹਿਣ ਕਰਨਾ ਜਿਥੇ ਮਾਲ ਜਾਂ ਸੇਵਾਵਾਂ ਅਤੇ ਦਾਅਵਾ ਕੀਤੇ ਮੁਆਵਜ਼ੇ ਦਾ, ਜੇ ਕੋਈ ਹੋਵੇ, ਮੁੱਲ [ਇਕ ਲੱਖ ਰੁਪਏ ਤੋਂ ਵੱਧ ਹੈ ਪਰ ਦਸ ਲੱਖ ਰੁਪਏ ਤੋਂ ਵਧੀਕ ਨਹੀਂ ਹੈ]; ਅਤੇ

(ii) ਉਸ ਰਾਜ ਦੇ ਅੰਦਰ ਕਿਸੇ ਜ਼ਿਲ੍ਹਾ ਫੋਰਮ ਦੇ ਹੁਕਮਾਂ ਦੇ ਵਿਰੁੱਧ ਅਪੀਲ ਗ੍ਰਹਿਣ ਕਰਨਾ; ਅਤੇ

(ਅ) ਕਿਸੇ ਖ਼ਪਤਕਾਰ ਵਿਵਾਦ ਦੇ ਜੋ ਉਸ ਰਾਜ ਦੇ ਅੰਦਰ ਕਿਸੇ ਜ਼ਿਲ੍ਹਾ ਫੋਰਮ ਦੇ ਕੋਲ ਲੰਬਿਤ ਹੈ ਜਾਂ ਜਿਸ ਦਾ ਉਸ ਦੁਆਰਾ ਫੈਸਲਾ ਕੀਤਾ ਗਿਆ ਹੈ, ਜਿਥੇ ਰਾਜ ਕਮਿਸ਼ਨ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਅਜਿਹੇ ਜ਼ਿਲ੍ਹਾ ਫੋਰਮ ਨੇ ਅਜਿਹੀ ਅਧਿਕਾਰਤਾ ਦੀ ਵਰਤੋਂ ਕੀਤੀ ਹੈ ਜੋ ਕਾਨੂੰਨ ਦੁਆਰਾ ਉਸ ਵਿੱਚ ਨਿਹਿਤ ਨਹੀਂ ਹੈ ਜਾਂ ਉਹ ਇਸ ਤਰ੍ਹਾਂ ਨਿਹਿਤ ਕਿਸੇ ਅਧਿਕਾਰਤਾ ਦੀ ਵਰਤੋਂ ਕਰਨ ਵਿੱਚ ਅਸਫ਼ਲ ਰਿਹਾ ਹੈ ਜਾਂ ਉਸ ਨੇ ਆਪਣੀ ਅਧਿਕਾਰਤਾ ਦੀ ਵਰਤੋਂ ਗੈਰ-ਕਾਨੂੰਨੀ ਤੌਰ ਤੇ ਜਾਂ ਅਹਿਮ ਅਨਿਯਮਿਤਤਾ ਨਾਲ ਕੀਤੀ ਹੈ, ਰਿਕਾਰਡ ਮੰਗਵਾਉਣਾ ਅਤੇ ਮੁਨਾਸਬ ਹੁਕਮ ਪਾਸ ਕਰਨਾ।

18. [ਧਾਰਾ 12, 13 ਅਤੇ 14 ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਜ਼ਿਲ੍ਹਾ ਫੋਰਮ ਦੁਆਰਾ ਸ਼ਿਕਾਇਤਾਂ ਦੇ ਨਿਪਟਾਰੇ ਲਈ ਉਲਿਖਤ ਜ਼ਾਬਤਾ] ਅਜਿਹੇ ਰੂਪ ਭੇਦਾਂ ਨਾਲ ਜੋ ਜ਼ਰੂਰੀ ਹੋਣ, ਰਾਜ ਕਮਿਸ਼ਨ ਦੁਆਰਾ ਵਿਵਾਦਾਂ ਦੇ ਨਿਪਟਾਰੇ ਨੂੰ ਲਾਗੂ ਹੋਵੇਗਾ। ਰਾਜ ਕਮਿਸ਼ਨ ਨੂੰ ਲਾਗੂ ਜ਼ਾਬਤਾ।

Pb. Amd.

18 ੳ. ਜਦ ਜ਼ਿਲ੍ਹਾ ਫੋਰਮ ਦੇ ਜਾਂ ਰਾਜ ਕਮਿਸ਼ਨ ਦੇ, ਜਿਹੀ ਕਿ ਸੂਰਤ ਹੋਵੇ, ਪ੍ਰਧਾਨ ਦਾ ਅਹੁਦਾ ਖਾਲੀ ਹੋਵੇ, ਜਾਂ ਅਜਿਹਾ ਕੋਈ ਪ੍ਰਧਾਨ, ਗੈਰ ਹਾਜ਼ਰੀ ਜਾਂ ਕਿਸੇ ਹੋਰ ਕਾਰਨ ਆਪਣੇ ਅਹੁਦੇ ਦੇ ਕਰਤੱਵਾਂ ਦਾ ਪਾਲਣ ਕਰਨ ਵਿੱਚ ਅਸਮਰਥ ਹੋਵੇ, ਤਦ ਉਸ ਅਹੁਦੇ ਦੇ ਕਰਤੱਵਾਂ ਦਾ ਪਾਲਣ ਅਜਿਹੇ ਵਿਅਕਤੀ ਦੁਆਰਾ ਕੀਤਾ ਜਾਵੇਗਾ ਜੋ ਜ਼ਿਲ੍ਹਾ ਫੋਰਮ ਦੇ ਜਾਂ ਰਾਜ ਕਮਿਸ਼ਨ ਦੇ, ਜਿਹੀ ਕਿ ਸੂਰਤ ਹੋਵੇ, ਪ੍ਰਧਾਨ ਵਜੋਂ ਨਿਯੁਕਤ ਕੀਤੇ ਜਾਣ ਦੇ ਯੋਗ ਹੋਵੇ, ਜਿਸ ਨੂੰ ਰਾਜ ਸਰਕਾਰ ਉਸ ਪ੍ਰਯੋਜਨ ਲਈ ਨਿਯੁਕਤ ਕਰੇ। ਪ੍ਰਧਾਨ ਦੇ ਅਹੁਦੇ ਦਾ ਖਾਲੀ ਹੋਣਾ।

19. ਧਾਰਾ 17 ਦੇ ਖੰਡ (ੳ) ਦੇ ਉਪ-ਖੰਡ (1) ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਵਿੱਚ ਰਾਜ ਕਮਿਸ਼ਨ ਦੁਆਰਾ ਦਿੱਤੇ ਗਏ ਹੁਕਮਾਂ ਤੋਂ ਦੁਖਿਤ ਕੋਈ ਵਿਅਕਤੀ, ਉਸ ਹੁਕਮ ਦੇ ਵਿਰੁੱਧ ਹੁਕਮ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ, ਅਜਿਹੇ ਫ਼ਾਰਮ ਵਿੱਚ ਅਤੇ ਅਜਿਹੇ ਤਰੀਕੇ ਨਾਲ ਜੋ ਮੁਕੱਰਰ ਕੀਤਾ ਜਾਵੇ, ਰਾਸ਼ਟਰੀ ਕਮਿਸ਼ਨ ਨੂੰ ਅਪੀਲ ਕਰ ਸਕੇਗਾ: ਅਪੀਲਾਂ।

ਪਰੰਤੂ ਰਾਸ਼ਟਰੀ ਕਮਿਸ਼ਨ ਉਕਤ ਤੀਹ ਦਿਨਾਂ ਦੀ ਮੁੱਦਤ ਦੇ ਗੁਜ਼ਰਨ ਦੇ ਪਿਛੋਂ ਅਪੀਲ ਗ੍ਰਹਿਣ ਕਰ ਸਕੇਗਾ ਜੇ ਉਸ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਉਸ ਮੁੱਦਤ ਅੰਦਰ ਅਪੀਲ ਫ਼ਾਇਲ ਨ ਕਰਨ ਦਾ ਕਾਫ਼ੀ ਕਾਰਨ ਸੀ।

ਰਾਸ਼ਟਰੀ ਕਮਿਸ਼ਨ ਦੀ ਰਚਨਾ।

20. ਰਾਸ਼ਟਰੀ ਕਮਿਸਨ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ,—

(ੳ) ਇਕ ਅਜਿਹਾ ਵਿਅਕਤੀ ਜੋ ਸਰਵ ਉੱਚ ਅਦਾਲਤ ਦਾ ਜੱਜ ਹੈ ਜਾਂ ਰਿਹਾ ਹੈ ਜਿਸ ਨੂੰ ਕੇਂਦਰੀ ਸਰਕਾਰ ਦੁਆਰਾ ਨਿਯੁਕਤ ਕੀਤਾ ਜਾਵੇਗਾ ਅਤੇ ਜੋ ਉਸ ਦਾ ਪ੍ਰਧਾਨ ਹੋਵੇਗਾ;

ਅੰਕ੨ — [ ਅੰਗ੍ਰੇਜ਼ੀ - ਅਨੁਵਾਦ ——————]

Ins. 50/1993

(ਅ) ਚਾਰ ਹੋਰ ਮੈਂਬਰ ਜੋ ਯੋਗਤਾ, ਦਿਆਨਤਦਾਰੀ ਅਤੇ ਤਜ਼ਰਬੇ ਵਾਲੇ ਵਿਅਕਤੀ ਹੋਣਗੇ ਅਤੇ ਜਿਨ੍ਹਾਂ ਨੂੰ ਅਰਥਸ਼ਾਸਤਰ, ਕਾਨੂੰਨ, ਵਣਜ, ਲੇਖਾਕਾਰੀ, ਉਦਯੋਗ, ਲੋਕ-ਕਾਰ ਵਿਹਾਰ ਜਾਂ ਪ੍ਰਸ਼ਾਸ਼ਨ ਦਾ ਚੋਖਾ ਗਿਆਨ ਜਾਂ ਤਜਰਬਾ ਹੋਵੇ ਜਾਂ ਜਿਨ੍ਹਾਂ ਨੇ ਉਸ ਨਾਲ ਸੰਬੰਧਤ ਸਮਸਿਆਵਾਂ ਦੇ ਸੰਬੰਧ ਵਿੱਚ ਕਾਰਜ ਕਰਨ ਦੀ ਯੋਗਤਾ ਦਰਸ਼ਤ ਕੀਤੀ ਹੋਵੇ ਜਿਨ੍ਹਾਂ ਵਿੱਚੋਂ ਇਕ ਇਸਤਰੀ ਹੋਵੇਗੀ;

Sub. 50/1993

[ਪਰੰਤੂ-ਸਰਵ- ਉੱਚ ਅਦਾਲਤ ਦਾ ਕੋਈ ਵੀ ਵਰਤਮਾਨ ਜੱਜ ਇਸ ਉਪ-ਧਾਰਾ-ਅਧੀਨ ਉਸ ਅਦਾਲਤ ਦੇ ਚੀਫ ਜਸਟਿਸ ਨਾਲ ਮਸ਼ਵਰਾ ਕੀਤੇ ਬਿਨਾਂ ਨਿਯੁਕਤ ਨਹੀਂ ਕੀਤਾ ਜਾਵੇਗਾ।]

Sub. 50/1993

(2) ਰਾਸ਼ਟਰੀ ਕਮਿਸ਼ਨ ਦੇ ਮੈਂਬਰਾਂ ਨੂੰ ਅਦਾਇਗੀਯੋਗ ਤਨਖਾਹ, ਮਾਨ-ਭੱਤਾ ਅਤੇ ਹੋਰ ਭੱਤੇ ਅਤੇ ਉਨ੍ਹਾਂ ਦੀ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ [(ਜਿਨ੍ਹਾਂ ਵਿੱਚ ਅਹੁਦੇ ਦੀ ਅਉਧ ਵੀ ਸ਼ਾਮਲ ਹੈ)] ਉਹ ਹੋਣਗੀਆਂ ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

Ins. 50/1993

[(3) [———— ਅੰਗ੍ਰੇਜ਼ੀ - ਅਨੁਵਾਦ ————]

(4) ਅੰਗ੍ਰੇਜ਼ੀ - ਅਨੁਵਾਦ ————]

ਰਾਸ਼ਟਰੀ ਕਮਿਸ਼ਨ ਦੀ ਅਧਿਕਾਰਤਾ।

(21.) ਇਸ ਐਕਟ ਦੇ ਹੋਰ ਉਪਬੰਧਾਂ ਦੇ ਤਾਬੇ, ਰਾਸ਼ਟਰੀ ਕਮਿਸ਼ਨ ਨੂੰ ਹੇਠ-ਲਿਖੀ ਅਧਿਕਾਰਤਾ ਹੋਵੇਗੀ—

(ੳ) (i) ਅਜਿਹੀਆਂ ਸ਼ਿਕਾਇਤਾਂ ਨੂੰ ਗ੍ਰਹਿਣ ਕਰਨਾ ਜਿਥੇ ਮਾਲ ਜਾਂ ਸ਼ੇਵਾਵਾਂ ਅਤੇ ਦਾਅਵਾ ਕੀਤੇ ਮੁਆਵਜ਼ੇ ਦਾ, ਜੇ ਕੋਈ ਹੋਵੇ, ਮੁੱਲ [ਵੀਸ ਲੱਖ ਰੁਪਏ] ਤੋਂ ਵੱਧ ਹੈ।

Sub. 50/1993

(ii) ਕਿਸੇ ਰਾਜ ਕਮਿਸ਼ਨ ਦੇ ਹੁਕਮਾਂ ਦੇ ਵਿਰੁੱਧ ਅਪੀਲਾਂ ਗ੍ਰਹਿਣ ਕਰਨਾ; ਅਤੇ

(ਅ) ਰਿਕਾਰਡ ਨੂੰ ਮੰਗਵਾਉਣਾ ਅਤੇ ਕਿਸੇ ਅਜਿਹੇ ਖ਼ਪਤਕਾਰ ਵਿਵਾਦ ਵਿੱਚ ਮੁਨਾਸਬ ਹੁਕਮ ਕਰਨਾ ਜੋ ਕਿਸੇ ਰਾਜ ਕਮਿਸ਼ਨ ਅੱਗੇ ਲੰਬਿਤ ਹੈ ਜਾਂ ਜਿਸ ਦਾ ਉਸ ਦੁਆਰਾ ਫੈਸਲਾ ਕੀਤਾ ਗਿਆ ਹੈ ਜਾਂ ਜਿਥੇ ਰਾਸ਼ਟਰੀ ਕਮਿਸ਼ਨ ਨੂੰ ਇਹ ਪ੍ਰਤੀਤ ਹੋਵੇ ਕਿ ਅਜਿਹੇ ਰਾਜ ਕਮਿਸ਼ਨ ਨੇ ਅਜਿਹੀ ਅਧਿਕਾਰਤਾ ਦੀ ਵਰਤੋਂ ਕੀਤੀ ਹੈ ਜੋ ਕਾਨੂੰਨ ਦੁਆਰਾ ਉਸ ਵਿੱਚ ਨਿਹਿਤ ਨਹੀਂ ਹੈ ਜਾਂ ਉਹ ਇਸ ਤਰ੍ਹਾਂ ਨਿਹਿਤ ਅਧਿਕਾਰਤਾ ਦੀ ਵਰਤੋਂ ਕਰਨ ਵਿੱਚ ਅਸਫ਼ਲ ਰਿਹਾ ਹੈ ਜਾਂ ਉਸ ਨੇ ਅਜਿਹੀ ਅਧਿਕਾਰਤਾ ਦੀ ਵਰਤੋਂ ਕਰਨ ਵਿੱਚ ਗੈਰ-ਕਾਨੂੰਨੀ ਤੌਰ ਤੇ ਜਾਂ ਅਹਿਮ ਅਨਿਯਮਿਤਤਾ ਨਾਲ ਕਾਰਜ ਕੀਤਾ ਹੈ।

[ਰਾਸ਼ਟਰੀ ਕਮਿਸ਼ਨ ਨੂੰ ਲਾਗੂ ਜ਼ਾਬਤਾ।]

[22. ਰਾਸ਼ਟਰੀ ਕਮਿਸਨ ਨੂੰ ਆਪਣੇ ਅਗੇ ਕਿਸੇ ਸ਼ਿਕਾਇਤ ਜਾਂ ਕਾਰਵਾਈਆਂ ਦੇ ਨਿਪਟਾਰੇ ਵਿੱਚ, ਧਾਰਾ 13 ਦੀ ਉਪ-ਧਾਰਾ (4) ਅਤੇ ਉਪ-ਧਾਰਾ (5) ਵਿੱਚ ਉਲਿਖਿਤ ਕਿਸੇ ਦੀਵਾਨੀ ਅਦਾਲਤ ਦੀਆਂ, ਸ਼ਕਤੀਆਂ ਹੋਣਗੀਆਂ ਅਤੇ ਉਹ ਅਜਿਹੇ ਜ਼ਾਬਤੇ ਦਾ ਪਾਲਣ ਕਰੇਗਾ ਜੋ ਕੇਂਦਰੀ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ।]

Sub. 50/1993

**ਅਪੀਲ।**

23. ਧਾਰਾ 21 ਦੇ ਖੰਡ (ੳ) ਦੇ ਉਪਖੰਡ (i) ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਵਿੱਚ ਰਾਸ਼ਟਰੀ ਕਮਿਸ਼ਨ ਦੁਆਰਾ ਕੀਤੇ ਗਏ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਉਸ ਹੁਕਮ ਦੇ ਵਿਰੁੱਧ ਹੁਕਮ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ, ਸਰਵ-ਉੱਚ ਅਦਾਲਤ ਨੂੰ ਅਪੀਲ ਕਰ ਸਕੇਗਾ:

ਪਰੰਤੂ ਸਰਵ-ਉੱਚ ਅਦਾਲਤ ਉਕਤ ਤੀਹ ਦਿਨਾਂ ਦੀ ਮੁੱਦਤ ਦੇ ਗੁਜ਼ਰਨ ਦੇ ਪਿਛੋਂ ਅਪੀਲ ਗ੍ਰਹਿਣ ਕਰ ਸਕੇਗੀ ਜੇ ਉਸ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਉਸ ਮੁੱਦਤ ਦੇ ਅੰਦਰ ਅਪੀਲ ਫ਼ਾਈਲ ਨ ਕਰਨ ਦਾ ਕਾਫ਼ੀ ਕਾਰਨ ਸੀ।

**ਹੁਕਮਾਂ ਦੀ ਅੰਤਮਤਾ।**

24. ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦਾ ਹਰਿਕ ਹੁਕਮ, ਜੇ ਇਸ ਐਕਟ ਦੇ ਉਪਬੰਧਾਂ ਅਧੀਨ ਅਜਿਹੇ ਹੁਕਮ ਦੇ ਵਿਰੁੱਧ ਕੋਈ ਅਪੀਲ ਨਹੀਂ ਕੀਤੀ ਗਈ ਹੈ, ਅੰਤਮ ਹੋਵੇਗਾ।

**ਫੋਰਮ, ਰਾਜ ਕਮਿਸ਼ਨ ਅਤੇ ਰਾਸ਼ਟਰੀ ਕਮਿਸ਼ਨ ਦੁਆਰਾ ਹੁਕਮਾਂ ਦਾ ਨਾਫ਼ਜ਼ ਕਰਨਾ।**

25. ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦੁਆਰਾ ਕੀਤਾ ਗਿਆ ਹਰਿਕ ਹੁਕਮ, ਜਿਹੀ ਕਿ ਸੂਰਤ ਹੋਵੇ, ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦੁਆਰਾ, ਉਸੇ ਤਰੀਕੇ ਨਾਲ ਨਾਫ਼ਜ਼ ਕਰਾਇਆ ਜਾ ਸਕੇਗਾ ਮਾਨੋ ਇਹ ਕਿਸੇ ਅਦਾਲਤ ਦੁਆਰਾ ਉਸ ਵਿੱਚ ਲੰਬਿਤ ਕਿਸੇ ਦਾਵੇ ਵਿੱਚ ਕੀਤੀ ਗਈ ਕੋਈ ਡਿਗਰੀ ਜਾਂ ਹੁਕਮ ਹੋਵੇ ਅਤੇ ਉਸ ਨੂੰ ਨਿਸ਼ਪਾਦਤ ਕਰਨ ਵਿੱਚ ਉਸ ਦੀ ਅਸਮਰਥਤਾ ਦੀ ਸੂਰਤ ਵਿੱਚ, ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦੇ ਲਈ ਅਜਿਹੇ ਹੁਕਮ ਨੂੰ ਉਸ ਅਦਾਲਤ ਵਿੱਚ ਭੇਜਣਾ ਕਾਨੂੰਨ-ਪੂਰਨ ਹੋਵੇਗਾ ਜਿਸ ਦੀ ਅਧਿਕਾਰਤਾ ਦੀਆਂ ਸਥਾਨਕ ਸੀਮਾਵਾਂ ਅੰਦਰ—

(ੳ) ਕਿਸੇ ਕੰਪਨੀ ਦੇ ਵਿਰੁੱਧ ਹੁਕਮ ਦੀ ਸੂਰਤ ਵਿੱਚ, ਉਸ ਕੰਪਨੀ ਦਾ ਰਜਿਸਟਰਸ਼ੁਦਾ ਦਫ਼ਤਰ ਸਥਿਤ ਹੈ; ਜਾਂ

(ਅ) ਕਿਸੇ ਹੋਰ ਵਿਅਕਤੀ ਦੇ ਵਿਰੁੱਧ ਕਿਸੇ ਹੁਕਮ ਦੀ ਸੂਰਤ ਵਿੱਚ ਉਹ ਥਾਂ ਜਿਥੇ ਸੰਬੰਧਤ ਵਿਅਕਤੀ ਸਵੈ-ਇੱਛਾ ਨਾਲ ਨਿਵਾਸ ਕਰਦਾ ਹੈ ਜਾਂ ਕਾਰੋਬਾਰ ਕਰਦਾ ਹੈ ਜਾਂ ਲਾਭ ਲਈ ਨਿਜੀ ਤੌਰ ਤੇ ਕੰਮ ਕਰਦਾ ਹੈ, ਸਥਿਤ ਹੈ, ਅਤੇ ਤਦ ਉਹ ਅਦਾਲਤ ਜਿਸ ਨੂੰ ਹੁਕਮ ਇਸ ਤਰ੍ਹਾਂ ਭੇਜਿਆ ਗਿਆ ਹੈ, ਉਸ ਹੁਕਮ ਨੂੰ ਇਸ ਤਰ੍ਹਾਂ ਨਿਸ਼ਪਾਦਤ ਕਰੇਗੀ ਮਾਨੋਂ ਉਹ ਨਿਸ਼ਪਾਦਨ ਲਈ ਉਸ ਨੂੰ ਭੇਜੀ ਗਈ ਕੋਈ ਡਿਗਰੀ ਜਾਂ ਹੁਕਮ ਹੋਵੇ।

**ਤੁੱਛ ਜਾਂ ਤੰਗ ਕਰਨ ਵਾਲੀਆਂ ਸ਼ਿਕਾਇਤਾਂ ਦਾ ਖ਼ਾਰਜ ਕੀਤਾ ਜਾਣਾ।**

26. ਜਿੱਥੇ ਦਾਇਰ ਕੀਤੀ ਕਿਸੇ ਸ਼ਿਕਾਇਤ ਦੇ ਬਾਰੇ ਵਿੱਚ ਇਹ ਪਾਇਆ ਜਾਂਦਾ ਹੈ ਕਿ ਉਹ ਤੁੱਛ ਜਾਂ ਤੰਗ ਕਰਨ ਵਾਲੀ ਹੈ ਤਾਂ, ਜਿਹੀ ਕਿ ਸੂਰਤ ਹੋਵੇ, ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ, ਸ਼ਿਕਾਇਤ ਨੂੰ ਖ਼ਾਰਜ ਕਰ ਸਕੇਗਾ।

**ਡੰਨ।**

27. ਜਿੱਥੇ ਕੋਈ ਵਪਾਰੀ ਜਾਂ ਅਜਿਹਾ ਵਿਅਕਤੀ ਜਿਸ ਦੇ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ, ਜਿਹੀ ਕਿ ਸੂਰਤ ਹੋਵੇ, ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦੁਆਰਾ ਕੀਤੇ ਗਏ ਕਿਸੇ ਹੁਕਮ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਜਾਂ ਲੋਪ ਕਰਦਾ ਹੈ ਤਾਂ ਅਜਿਹਾ ਵਪਾਰੀ ਜਾਂ ਵਿਅਕਤੀ ਅਜਿਹੀ ਕੈਦ ਨਾਲ ਜਿਸਦੀ ਅਉਧ ਇੱਕ ਮਹੀਨੇ ਤੋਂ ਘੱਟ ਨਹੀਂ ਹੋਵੇਗੀ ਪਰ ਜੋ ਤਿੰਨ ਸਾਲ ਤੱਕ ਦੀ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਦੋ ਹਜ਼ਾਰ ਤੋਂ ਘੱਟ ਦਾ ਨਹੀਂ ਹੋਵੇਗਾ ਪਰ ਜੋ ਦਸ ਹਜ਼ਾਰ ਰੁਪਏ ਤਕ ਦਾ ਹੋ ਸਕੇਗਾ, ਜਾਂ ਦੋਹਾਂ ਨਾਲ ਸਜ਼ਾਯੋਗ ਹੋਵੇਗਾ:

ਪਰੰਤੂ, ਜਿਹੀ ਕਿ ਸੂਰਤ ਹੋਵੇ, ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ, ਜੇ ਉਸ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਕਿਸੇ ਮਾਮਲੇ ਦੇ ਹਾਲਾਤ ਵਿੱਚ ਇਸ ਤਰਾਂ ਲੋੜੀਂਦਾ ਹੈ ਤਾਂ, ਇਸ ਧਾਰਾ ਵਿੱਚ ਉਲਿਖਤ ਘੱਟ ਤੋਂ ਘੱਟ ਅਉਧ ਤੋਂ ਘੱਟ ਅਉਧ ਦੀ ਕੈਦ ਦਾ ਜਾਂ ਘੱਟ ਤੋਂ ਘੱਟ ਰਕਮ ਤੋਂ ਘੱਟ ਰਕਮ ਦੇ ਜੁਰਮਾਨੇ ਦਾ ਜਾਂ ਦੋਵਾਂ ਦਾ ਦੰਡ ਹੁਕਮ ਅਰੋਪ ਸਕੇਗਾ।

## ਅਧਿਆਏ IV

### ਫੁਟਕਲ

ਨੇਕਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫਾਜ਼ਤ।

28. ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦੇ ਮੈਂਬਰਾਂ ਜਾਂ ਜ਼ਿਲਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦੇ ਨਿਦੇਸ਼ ਅਧੀਨ ਕਾਰਜ ਕਰ ਰਹੇ ਕਿਸੇ ਅਫ਼ਸਰ ਜਾਂ ਵਿਅਕਤੀ ਦੇ ਵਿਰੁੱਧ ਉਸ ਦੁਆਰਾ ਕੀਤੇ ਗਏ ਹੁਕਮ ਦੇ ਨਿਸ਼ਪਾਦਨ ਲਈ ਕਿਸੇ ਅਜਿਹੀ ਗੱਲ ਦੇ ਬਾਰੇ ਵਿੱਚ ਜੋ ਇਸ ਐਕਟ ਅਧੀਨ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਹੁਕਮ ਅਧੀਨ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਹੈ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

29. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ, ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਹੁਕਮ ਦੁਆਰਾ ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਣ ਅਤੇ ਉਸ ਨੂੰ ਉਸ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ :

ਪਰੰਤੂ ਅਜਿਹਾ ਕੋਈ ਹੁਕਮ ਇਸ ਐਕਟ ਦੇ ਅਰੰਭ ਤੋਂ ਦੋ ਸਾਲ ਦੀ ਮੁੱਦਤ ਦੇ ਗੁਜ਼ਰਨ ਤੋਂ ਪਿਛੋਂ ਨਹੀ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰਿਕ ਹੁਕਮ ਉਸਦੇ ਕੀਤੇ ਜਾਣ ਪਿਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਰਖਿੱਆ ਜਾਵੇਗਾ।

PB. Amd.

ਖ਼ਾਲੀ ਥਾਵਾਂ ਜਾਂ ਨਿਯੁਕਤੀ ਵਿੱਚ ਨੁਕਸਾਂ ਕਾਰਨ ਹੁਕਮਾਂ ਦਾ ਨਾਜਾਇਜ਼ ਨ ਹੋਣਾ।

29ੳ. ਜ਼ਿਲ੍ਹਾ ਫੋਰਮ, ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦਾ ਕੋਈ ਕਾਰਜ ਜਾਂ ਕਾਰਵਾਈ ਨਿਰਾ ਇਸ ਕਰਕੇ ਹੀ ਨਾਜ਼ਾਇਜ਼ ਨਹੀਂ ਹੋਵੇਗੀ ਕਿ ਉਸਦੇ ਮੈਂਬਰਾਂ ਦੀ ਕੋਈ ਥਾਂ ਖਾਲੀ ਸੀ ਜਾਂ ਉਨ੍ਹਾਂ ਦੇ ਗਠਨ ਵਿੱਚ ਕੋਈ ਨੁਕਸ ਸੀ।

ਨਿਯਮ ਬਣਾਉਣ ਦੀ ਸ਼ਕਤੀ।

30. (1) ਕੇਂਦਰੀ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੀ ਧਾਰਾ 4 ਦੀ ਉਪ-ਧਾਰਾ (2) ਦੇ ਖੰਡ (ਅ), ਧਾਰਾ 5 ਦੀ ਉਪ-ਧਾਰਾ (2), ਧਾਰਾ 13 ਦੀ ਉਪ-ਧਾਰਾ (4) ਦੇ ਖੰਡ (vi), ਧਾਰਾ 19, ਧਾਰਾ 20 ਦੀ ਉਪ-ਧਾਰਾ (2) ਅਤੇ ਧਾਰਾ 22 ਵਿੱਚ ਦਰਜ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਧਾਰਾ 10 ਦੀ ਉਪ-ਧਾਰਾ (3), ਧਾਰਾ 13 ਦੀ ਉਪ-ਧਾਰਾ (1) ਦੇ ਖੰਡ (ੲ), ਧਾਰਾ 14 ਦੀ ਉਪਧਾਰਾ (3), ਧਾਰਾ 15 ਅਤੇ ਧਾਰਾ 16 ਦੀ ਉਪਧਾਰਾ (2) ਵਿੱਚ ਦਰਜ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

ਨਿਯਮਾਂ ਦਾ ਰੱਖਿਆ ਜਾਣਾ।

31. (1) ਇਸ ਐਕਟ ਅਧੀਨ ਕੇਂਦਰੀ ਸਰਕਾਰ ਦੁਆਰਾ ਬਣਾਇਆ ਗਿਆ ਹਰਿਕ ਨਿਯਮ, ਉਸ ਦੇ ਬਣਾਏ ਜਾਣ ਪਿਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰਕ ਸਦਨ ਅੱਗੇ, ਜਦ ਉਹ ਇਜਲਾਸ ਵਿੱਚ ਹੈ, ਤੀਹ ਦਿਨਾਂ ਦੀ ਕੁਲ ਮੁਦਤ ਲਈ ਰਖਿਆ ਜਾਵੇਗਾ ਜੋ ਇਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਉਪਰੋਕਤ ਇਜਲਾਸ ਜਾਂ ਕ੍ਰਮਵਰਤੀ ਇਜਲਾਸਾਂ ਦੇ ਤੁਰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਦੋਵੇਂ ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦੇ ਹਨ, ਜਾਂ ਦੋਵੇਂ ਸਦਨ ਸਹਿਮਤ ਹੋ ਜਾਂਦੇ ਹਨ ਕਿ ਉਹ ਨਿਯਮ ਨ ਬਣਾਇਆ ਜਾਵੇ ਤਾਂ ਉਹ ਨਿਯਮ ਉਸ ਤੋਂ ਪਿਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

(2) ਇਸ ਐਕਟ ਅਧੀਨ ਕਿਸੇ ਰਾਜ ਸਰਕਾਰ ਦੁਆਰਾ ਬਣਾਇਆ ਗਿਆ ਹਰਿਕ ਨਿਯਮ ਉਸ ਦੇ ਬਣਾਏ ਜਾਣ ਪਿਛੋਂ ਜਿੰਨੀ ਛੇਤੀ ਹੋ ਸਕੇ ਰਾਜ ਵਿਧਾਨ-ਮੰਡਲ ਦੇ ਅੱਗੇ ਰਖਿਆ ਜਾਵੇਗਾ।

———

ਕੇ. ਐਲ. ਮੋਹਨਪੁਰੀਆ।
ਸਕੱਤਰ, ਭਾਰਤ ਸਰਕਾਰ।
सचिव, भारत सरकार।
Secretary to the Government of India.